
# ਅੰਮ੍ਰਿਤ ਕੀਰਤਨ

Posting Date
01 ਮਾਰਚ 2016

ਮਾਰਚ 2016

# Amrit Kirtan




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

# ਵੀਰਵਾਰ

ਵੀਰਵਾਰ ਚੜ੍ਹਿਆ ਵੀਰ ਮਿਲ ਬੈਠੇ,
ਪਿਤਰੀ ਕੰਮ ਨੂੰ ਆਪੂੰ ਸੰਭਾਲ ਲੀਤਾ।
ਬਲਬ ਜਗਦੇ ਪਏ ਨੇ ਕਿਸਮਤਾਂ ਦੇ,
ਰੌਸ਼ਨ ਟਿਊਬਾਂ ਦੇ ਨਾਲ ਕਮਾਲ ਕੀਤਾ।
ਇਹ ਬਰਕਤਾਂ ਸਭ ਮਿਲਾਪ ਦੀਆਂ
ਹੱਥ ਫੜ ਲਿਆ ਤਾਹੀਉਂ ਦਿਆਲ ਕੀਤਾ
ਅਗੋਂ ਆਈਆਂ ਹੋਰ ਪਾਈਆਂ ਨੇ,
ਪਿਆਰ ਬਾਟੇ ਵਿਚ ਮਿੱਠੜਾ ਡਾਲ ਲੀਤਾ।
ਹੁਣ ਰਲ ਕੇ ਖੁਸ਼ੀਆਂ ਮਾਣਦੇ ਹੋ,
ਐਰ ਗ਼ੈਰ ਦੇ ਨਾਹੀਂ ਸੁਆਲ ਕੀਤਾ।
ਰਲ ਪਾਈਆਂ ਗੰਢਾਂ ਪਿਆਰ ਦੀਆਂ,
ਤਾਹੀਉਂ ਰੱਬ ਤੋਂ ਮਿੱਠਾ ਇਕਬਾਲ ਲੀਤਾ।
ਕੰਮ ਕਾਰ ਖੁੱਲ੍ਹੇ ਡੁੱਲ੍ਹੇ ਕਰ ਰਹੇ ਓ
ਚਿੰਤਾ ਫਿਕਰ ਦਾ ਨਾਂ ਹੀ ਉਬਾਲ ਲੀਤਾ।
ਉਹ ਜਨਨੀ, ਤਾਂਈ ਨਾ ਭੁਲਿਉ ਜੇ,
ਜਿਸ ਦੇ ਪਾਸੋਂ ਅਸੀਸਾਂ ਦਾ ਮਾਲ ਲੀਤਾ।
ਮਨ ਨੀਵਾਂ ਤੇ ਮੱਤ ਹੈ ਉੱਚ ਰੱਖਣੀ,
ਇਹੋ ਮਾਪਿਆਂ ਪਾਸੋਂ ਖਿਆਲ ਲੀਤਾ।
ਸਮਾਂ ਬਦਲਿਆ, ਨ ਤੁਸੀਂ ਬਦਲ ਜਾਵੋ,
ਆਪਣੇ ਮਾਪਿਆਂ ਵਾਲੇ ਨਾ ਖਿਆਲ ਬਦਲੋ।
ਰਹਿਣੀ ਬਹਿਣੀ ਤੇ ਬਦਲਿਆ ਖਾਣ ਪੀਣਾ,
ਨਾਲ ਬੋਲੀਆਂ, ਜਾਣਾ ਭੀ ਨਾਲ ਬਦਲੋ।
ਕੂੜ ਬਚਨ, ਬੰਦਾ ਮੁੱਖ ਤੋਂ ਕਿਉਂ ਬੋਲੇ,
ਬੋਲਣ ਵਾਲਿਆਂ ਦੀ ਮੁੱਢੋਂ ਚਾਲ ਬਦਲੋ।
ਮਾਂ ਭੈਣ ਤੇ ਧੀ ਦੀ ਇੱਜ਼ਤ ਹੁੰਦੀ,
ਇੱਜ਼ਤ ਉਹਨਾਂ ਦੀ ਰੱਖਣਾ ਸੰਭਾਲ ਬਦਲੋ।
ਰੱਬ ਬਣਾਇਆ ਤਾਂ ਤੁਸੀਂ ਵੀ ਰਹੋ ਉਸਦੇ,
ਪਰ੍ਹਾਂ ਉਸ ਤੋਂ ਨ ਜਾਣ ਦੀ ਚਾਲ ਬਦਲੋ।
ਨੌਕਰ ਚਾਕਰਾਂ ਨਾਲ ਵੀ ਬੋਲ ਮਿੱਠਾ,
ਨਾਲ ਪਿਆਰ ਕੰਮ ਲੈਣ ਦੀ ਚਾਲ ਬਦਲੋ।
ਹੱਥ ਕਿਸੇ ਤੇ ਭੁੱਲ ਉਠਾਵਣਾ ਨਹੀਂ,
ਗਾਲ੍ਹ ਆਏ ਨ ਬਾਹਿਰ ਨਿਕਾਲ ਬਦਲੋਂ,
ਗੱਲਾਂ ਮੇਰੀਆਂ ਤੇ ਜੇ ਚਲਦੇ ਰਹੇ,
ਖੁਸ਼ੀ ਰਹਿਸੋ ਸੰਤੋਖ ਸੰਸਾਰ ਬਦਲੋ।



**ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਕਰਉ ਬੇਨੰਤੀਆ : ਉਸਤਤਿ 4

ਕੀਰਤਨ ਚੌਕੀ ਦਾ ਸੰਗੀਤ ਵਿਧਾਨ 5
ਡਾ. ਗੁਰਨਾਮ ਸਿੰਘ

ਗੁਰਮਤਿ ਸੰਗੀਤ ਵਿੱਚ ਰਾਗੀ ਪਰੰਪਰਾ ਦਾ ਯੋਗਦਾਨ
ਡਾ. ਜਾਗੀਰ ਸਿੰਘ 9

ਸੰਗੀਤ ਦੇ ਇਤਿਹਾਸਕ ਖੇਤਰ ਵਿਚ ਪੰਜਾਬ ਪ੍ਰਦੇਸ਼ ਦਾ ਯੋਗਦਾਨ
ਕਮਲੇਸ਼ ਇੰਦਰ ਸਿੰਘ 17

ਬਹੁ ਪੱਖੀ ਸ਼ਖ਼ਸੀਅਤ : ਭਾਈ ਕਰਮ ਸਿੰਘ ਰਤਨ
ਭਾਈ ਗੁਰਮੀਤ ਸਿੰਘ ਜੋਸ਼ 22


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302, IFSC:STBP0000240 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।
Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 now valid in perpetuity.

# ਕਰਉ ਬੇਨੰਤੀਆ

## ਉਸਤਤਿ

ਇੱਕ ਪੁਸਤਕ ਵਿਚ ਪੜ੍ਹਿਆ ਹੈ ਕਿ ਸ਼ਬਦਾਂ ਵਿਚ ਬੜੀ ਤਾਕਤ ਹੁੰਦੀ ਹੈ। ਜਦੋਂ ਤੁਸੀਂ ਕਿਸੇ ਸ਼ਬਦ ਦਾ ਉਚਾਰਨ ਕਰਦੇ ਹੋ ਤਾਂ ਉਸ ਸ਼ਬਦ ਨਾਲ ਜੁੜੇ ਭਾਵਾਂ ਦਾ ਸੰਚਾਰ ਤੁਹਾਡੇ ਮਨ ਵਿਚ ਹੁੰਦਾ ਹੈ ਫਿਰ ਉਸ ਨਾਲ ਤੁਹਾਡੇ ਸਰੀਰ ਤੇ ਵੀ ਅਸਰ ਪੈਂਦਾ ਹੈ। ਪਰ ਇਹ ਕੋਈ ਨਵੀਂ ਗੱਲ ਤਾਂ ਹੈ ਨਹੀਂ ਭਾਰਤ ਵਿੱਚ ਮੰਤਰਾਂ ਦੀ ਸ਼ਕਤੀ ਬਾਰੇ ਅਨੇਕਾਂ ਗ੍ਰੰਥ ਲਿਖੇ ਜਾ ਚੁੱਕੇ ਹਨ। ਗੁਰਬਾਣੀ ਵਿਚ ਵੀ ਸ਼ਬਦਾਂ ਦੀ ਸ਼ਕਤੀ ਬਾਰੇ ਅਨੇਕਾਂ ਉਦਾਹਰਨ ਮਿਲ ਜਾਂਦੇ ਹਨ। ਪਰਮਾਤਮਾ ਦਾ ਨਾਮ ਜਪਣ ਦੀ ਗੱਲ ਕੀਤੀ ਜਾਂਦੀ ਹੈ। ਪਰਮਾਤਮਾ ਦੇ ਨਾਂ ਵੀ ਆਮ ਤੌਰ ਤੇ ਸਕਾਰਾਤਮਕ ਹੁੰਦੇ ਹਨ। ਪਰ ਕਈ ਵਾਰ ਇਕ ਗੱਲ ਦੇ ਬਾਰ ਬਾਰ ਰਟਣ ਨਾਲ ਉਹ ਗੱਲ ਇਤਨੀ ਆਮ ਹੋ ਜਾਂਦੀ ਹੈ ਕਿ ਅਸੀਂ ਉਸ ਵੱਲ ਤਵੱਜੋਂ ਦੇਣੀ ਛੱਡ ਦਿੰਦੇ ਹਾਂ। ਉਹ ਗੱਲ ਮਹੱਤਵਪੂਰਨ ਹੁੰਦਿਆਂ ਵੀ ਉਸ ਉੱਤੇ ਅਮਲ ਨਹੀਂ ਕਰਦੇ। ਫਿਰ ਉਹੀ ਵਿਚਾਰ ਜਦੋਂ ਕਿਸੇ ਵੱਖਰੇ ਸੰਦਰਭ ਵਿਚ ਸਾਡੇ ਸਾਹਮਣੇ ਆਉਂਦਾ ਹੈ ਤਾਂ ਉਸ ਉੱਤੇ ਅਮਲ ਕਰਨ ਨੂੰ ਦਿਲ ਕਰਦਾ ਹੈ। ਇਕ ਪੁਸਤਕ ਵਿਚ ਪੜ੍ਹਿਆ ਸੀ ਕਿ ਰੋਜ਼ ਕੁਝ ਸਕਾਰਾਤਮਕ ਸ਼ਬਦ ਲਿਖੋ। ਇਹਨਾਂ ਦਾ ਪ੍ਰਭਾਵ ਸਾਰਾ ਦਿਨ ਰਹੇਗਾ ਤੇ ਦਿਨ ਵੀ ਚੰਗਾ ਲਘੇਗਾ। ਮੈਂ ਪੰਜਾਬੀ ਯੂਨੀਵਰਸਿਟੀ ਦਾ ਪੰਜਾਬੀ-ਅੰਗਰੇਜ਼ੀ ਕੋਸ਼ ਚੁੱਕਿਆ ਤੇ ਉਸ ਵਿਚੋਂ ਕੁਝ ਵਧੀਆ ਸ਼ਬਦ ਲੱਭਣੇ ਸ਼ੁਰੂ ਕੀਤੇ।

ਪਹਿਲੇ ਪੰਨੇ 'ਤੇ ਸ਼ਬਦ ਲੱਭਾ : ਉਸਤਤੁ। ਇਸ ਸ਼ਬਦ ਦੇ ਅੰਗਰੇਜ਼ੀ ਵਿਚ ਅਨੇਕਾ ਅਰਥ ਦਿੱਤੇ ਹੋਏ ਹਨ। ਜਿਵੇਂ Praise, Admiration, Compliment, Tribute, eulogy, laudation etc। ਗੁਰਬਾਣੀ ਵਿਚ ਜਿੱਥੇ ਪਰਮਾਤਮਾ ਦੀ ਉਸਤਤ ਕਰਨ ਦੀ ਗੱਲ ਕੀਤੀ ਗਈ ਹੈ ਉਥੇ ਉਸਤਤ ਅਤੇ ਨਿੰਦਾ ਦੇ ਤਿਆਗ ਦੀ ਗੱਲ ਵੀ ਕੀਤੀ ਗਈ ਹੈ।

ਉਸਤਤ ਮਨ ਮਹਿ ਕਰਿ ਨਿਰੰਕਾਰ॥ ਕਰਿ ਮਨ ਮੇਰੇ ਸਤ ਬਿਉਹਾਰ॥ (281)

ਉਸਤਤਤਿ ਨਿੰਦਾ ਦੋਊ ਤਿਆਗੈ। ਖੋਜੈ ਪਦੁ ਨਿਰਬਾਨਾ॥ (281)

ਉਸਤਤ ਕਰਨੀ ਚਾਹੀਦੀ ਐ ਅਤੇ ਨਿੰਦਾ ਨਹੀਂ ਕਰਨੀ ਚਾਹੀਦੀ। ਫਿਰ ਉਸਤਤ ਨਿੰਦਾ ਦੋਊਤਿਆਗਣ ਤੋਂ ਕੀ ਭਾਵ ਹੈ। ਇਥੇ ਆਪਣੀ ਉਸਤਤ ਕਰਵਾਉਣ ਦੀ ਇੱਛਾ ਨਾ ਰੱਖਣ ਤੋਂ ਭਾਵ ਹੈ। ਕਈ ਵਾਰ ਜਦੋਂ ਸਾਡੀ ਕੋਈ ਉਸਤਤ ਕਰਦਾ ਹੈ ਤਾਂ ਸਾਨੂੰ ਹੰਕਾਰ ਹੋ ਜਾਂਦਾ ਹੈ। ਉਸ ਤੋਂ ਬਚਣਾ ਚਾਹੀਦਾ ਹੈ। ਪਿੱਛੇ ਜਿਹੇ ਇਕ ਪੁਸਤਕ ਪੜ੍ਹੀ ਸੀ One Minute Manager। ਉਸ ਵਿਚ ਇਕ ਕੰਪਨੀ ਦੇ ਮੈਨੇਜਰ ਦੀ ਸਫਲਤਾ ਵੇਖਦਿਆਂ ਉਸ ਦੀ ਕੰਮ ਕਰਨ ਦੀ ਵਿਧੀ ਦਾ ਵਿਸ਼ਲੇਸ਼ਣ ਕੀਤਾ ਗਿਆ ਸੀ। ਆਮ ਤੌਰ 'ਤੇ ਹਰ ਮੈਨੇਜਰ ਜਾਂ ਅਫਸਰ ਆਪਣਾ ਬਹੁਤਾ ਸਮਾਂ ਆਪਣੇ ਕਰਮਚਾਰੀਆਂ ਦੀਆਂ ਗਲਤੀਆਂ ਲੱਭਣ ਤੇ ਲਾਉਂਦਾ ਹੈ। ਪਰ ਉਹ ਮੈਨੇਜਰ ਆਪਣੇ ਕਰਮਚਾਰੀਆਂ ਦੇ ਚੰਗੇ ਕੰਮ ਲੱਭ ਕੇ ਉਹਨਾ ਦੀ ਉਸਤਤ ਕਰਨ ਨੂੰ ਰੋਜ਼ ਇਕ ਮਿੰਟ ਦਿੰਦਾ ਹੈ। ਇਸ ਨਾਲ ਉਸ ਦੇ ਕਰਮਚਾਰੀ ਹੋਰ ਵਧੀਆ ਕੰਮ ਕਰਦੇ ਹਨ।

ਆਮ ਜ਼ਿੰਦਗੀ ਵਿਚ ਵੀ ਅਸੀਂ ਲੋਕਾਂ ਦੀਆਂ ਗਲਤੀਆਂ ਲੱਭ ਕੇ ਉਹਨਾਂ ਦੀ ਚਰਚਾ ਕਰਨ ਵਿਚ ਵਧੇਰੇ ਸੁਆਦ ਲੈਂਦੇ ਹਾਂ। ਜਦੋਂ ਕਿਸੇ ਦੇ ਵਧੀਆਂ ਕੰਮ ਦੀ ਉਸਤਤ ਹੋਣ ਲਗਦੀ ਹੈ ਤਾਂ ਸਾਨੂੰ ਆਪਣਾ ਆਪ ਹੀਣਾ ਜਾਪਣ ਲਗਦਾ ਹੈ ਅਤੇ ਉਸ ਦੇ ਕੰਮ ਵਿਚੋਂ ਵੀ ਅਸੀਂ ਨੁਕਸ ਲੱਭਣ ਦੀ ਕੋਸ਼ਿਸ਼ ਕਰਦੇ ਹਾਂ। ਇਹੋ ਜਿਹੇ ਬੰਦਿਆਂ ਵਾਸਤੇ ਭਗਤ ਕਬੀਰ ਜੀ ਨੇ ਕਿਹਾ ਹੈ : ਆਪ ਨ ਦੇਹਿ ਚੁਰੂਭਰਿ ਪਾਨੀ॥ ਤਿਹ ਨਿੰਦਹਿ ਜਿਹ ਗੰਗਾ ਆਨੀ॥ (332) ਅੰਗਰੇਜ਼ੀ ਵਿਚ ਵੀ ਤਿੰਨ ਸੀ : Cs-criticize, complaint, condemn ਤੋਂ ਬਚਣ ਦੀ ਗੱਲ ਕੀਤੀ ਜਾਂਦੀ ਹੈ ਅਤੇ ਇਕ C-compliment ਉੱਤੇ ਬਹੁਤ ਜ਼ੋਰ ਦਿੱਤਾ ਜਾਂਦਾ ਹੈ। ਵਾਕਿਆ ਹੀ ਸ਼ਬਦਾਂ ਵਿਚ ਬੜੀ ਸ਼ਕਦੀ ਹੁੰਦੀ ਹੈ। ਤੁਹਾਡੀ ਕੀ ਵਿਚਾਰ ਹੈ? (ਇਕ ਪੁਰਾਣਾ ਸੰਪਾਦਕੀ)

# ਕੀਰਤਨ ਚੌਕੀ ਦਾ ਸੰਗੀਤ ਵਿਧਾਨ

**ਡਾ. ਗੁਰਨਾਮ ਸਿੰਘ**

ਭਾਰਤੀ ਧਰਮਾਂ ਵਿਚ ਸਿੱਖ ਧਰਮ ਦੀ ਸੰਗੀਤਕ ਪਰੰਪਰਾਂ ਨੂੰ ਗੁਰਮਤਿ ਸੰਗੀਤ ਕਹਿੰਦੇ ਹਨ। ਗੁਰਮਤਿ ਸੰਗੀਤ ਕਲਾਤਮਿਕ ਪਰੰਪਰਾ ਹੈ। ਬਾਕੀ ਪਰੰਪਰਾਵਾਂ ਵਿਚ ਕੇਵਲ ਕਲਾ ਦੀ ਪੇਸ਼ਕਾਰੀ ਹੁੰਦੀ ਹੈ ਪਰ ਗੁਰਮਤਿ ਸੰਗੀਤ ਵਿਚ ਪ੍ਰਸਤੁਤੀ ਜਾਂ ਪੇਸ਼ਕਾਰੀ ਦੀ ਪ੍ਰਮੁੱਖ ਤੇ ਕੇਂਦਰੀ ਇਕਾਈ ਸ਼ਬਦ ਕੀਰਤਨ ਹੈ।

ਸ਼ਬਦ ਕੀਰਤਨ ਦੀ ਇਕ ਸੰਪੂਰਨ ਪ੍ਰਸਤੁਤੀ ਨੂੰ ਸ਼ਬਦ ਕੀਰਤਨ ਚੌਂਕੀ ਕਿਹਾ ਜਾਂਦਾ ਹੈ। ਕੀਰਤਨ ਚੌਂਕੀ ਨੂੰ ਵਿਦਵਾਨਾਂ ਨੇ ਵੱਖ ਵੱਖ ਤਰੀਕਿਆਂ ਨਾਲ ਪਰਭਾਸ਼ਿਤ ਕੀਤਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਕੀਰਤਨ ਚੌਂਕੀ ਤੋਂ ਭਾਵ "ਚਾਰ ਰਾਗੀਆਂ ਦੀ ਮੰਡਲੀ" "ਗਾਵਤ ਚਉਕੀ ਸ਼ਬਦ ਪ੍ਰਕਾਸ਼" ਭਜਨ ਮੰਡਲੀ ਜੋ ਪ੍ਰਕਿਰਮਾ ਕਰਦੀ ਹੋਈ ਸ਼ਬਦ ਗਾਵੇ ਉਸ ਵਾਸਤੇ ਵੀ ਚਉਕੀ/ਚੌਕੀ ਸ਼ਬਦ ਵਰਤਿਆ ਗਿਆ ਹੈ। ਭਾਈ ਵੀਰ ਸਿੰਘ ਜੀ ਲਿਖਦੇ ਹਨੋ ਗੁਰਮਤਿ ਸੰਗੀਤ ਵਿਚ ਕੀਰਤਨੀ ਜੱਥੇ ਨੂੰ ਚੌਕੀ ਕਹਿੰਦੇ ਹਨ, ਚੌਂਕੀ ਘੱਟੋ ਘੱਟ ਚੌਹਾ ਦੀ ਵਿਦਮਾਨ ਹੈ। ਜਿਹਾ ਕਿ ਇਕ ਮਹੰਤ, ਦੋ ਸਾਥੀ ਸੁਰ ਰਚਾਉਣ ਵਾਲੇ ਇਕ ਜੋੜੀ ਵਾਲਾ (ਪਖਾਉਜੀ) ਇਸ ਤੋਂ ਘੱਟ ਨਹੀਂ, ਵਧੀਕ ਭਾਵੇਂ ਜਿਤਨੇ ਸਰੀਰ ਹੋਣ ਚੌਂਕੀ ਵਿਚ ਗਾ ਸਕਦੇ ਹਨ। ਜੇਹਾ ਕੁ ਵਾਰ ਵੇਲੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਵਿਦਮਾਨ ਹੈ।

ਗੁਰਮਤਿ ਸੰਗੀਤ ਦੇ ਸੰਦਰਭ ਵਿਚ ਸ਼ਬਦ ਕੀਰਤਨ ਦੇ ਮਹੱਤਵ ਨੂੰ ਵਿਵਹਾਰਿਕ ਰੂਪ ਵਿਚ ਦ੍ਰਿੜਾਉਂਦਿਆਂ ਸੰਸਥਾਗਤ ਰੂਪ ਵਿਚ ਇਕੋ ਸਮੇਂ ਦੇ ਅਖੰਡ ਰੂਪ ਵਿਚ ਕੀਤੀ ਗਈ ਇਕ ਕੀਰਤਨ ਪ੍ਰਸਤੁਤੀ ਜਿਸ ਨੂੰ ਚਾਰ ਅੰਗਾਂ ਦਾ ਧਾਰਣੀ ਬਣਾਇਆ ਗਿਆ ਹੋਵੇ ਉਸ ਨੂੰ ਕੀਰਤਨ ਚੌਂਕੀ ਦੇ ਰੂਪ ਵਿਚ ਮਾਨਤਾ ਦਿੱਤੀ ਗਈ ਹੈ। ਸਿੱਖ ਧਰਮ ਵਿਚ ਇਸ ਨੂੰ ਸ਼ਬਦ ਚੌਂਕੀ, ਸ਼ਬਦ ਕੀਰਤਨ ਚੌਂਕੀ ਵੀ ਕਿਹਾ ਜਾਂਦਾ ਹੈ।

ਵਿਭਿੰਨ ਕੀਰਤਨ ਚੌਕੀਆਂ ਦੇ ਇਤਿਹਾਸਿਕ ਵਿਕਾਸ ਉੱਤੇ ਝਾਤੀ ਮਾਰੀਏ, ਤਾਂ ਕੀਰਤਨ ਚੌਕੀਆਂ ਦੀ ਇਹ ਪਰੰਪਰਾ ਗੁਰੂ ਨਾਨਕ ਦੇਵ ਜੀ ਤੋਂ ਹੀ ਆਰੰਭ ਹੁੰਦੀ ਹੈ। ਨਿਤਾਪ੍ਰਤੀ ਕੀਰਤਨ ਦੇ ਨਿਰੰਤਰ ਪ੍ਰਵਾਹ ਦਾ ਆਰੰਭ ਸਿੱਖੀ ਦੇ ਪਹਿਲੇ ਕੇਂਦਰ ਕਰਤਾਰਪੁਰ ਸਾਹਿਬ ਵਿਚ ਗੁਰੂਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਹੋ ਚੁੱਕਾ ਸੀ। ਇਕ ਹੋਰ ਹਵਾਲੇ ਅਨੁਸਾਰ ਸਤਿਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਮਹਾਰਾਜ ਦੇ ਸਨਮੁੱਖ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ 'ਆਸਾ ਦੀ ਵਾਰ' ਗਾਉਣ ਦੀ ਰੀਤ ਚਲਾਈ। ਗੁਰੂਅਰਜਨ ਸਾਹਿਬ ਨੇ ਚੌਥੇ ਗੁਰੂ ਦੇ 24 ਛੱਕਿਆਂ ਨੂੰ 24 ਪਉੜੀਆਂ ਨਾਲ ਕੀਰਤਨ ਵਿਚ ਸ਼ਾਮਲ ਕੀਤਾ। ਵਰਤਮਾਨ ਸਮੇਂ ਵੀ ਗੁਰਦੁਆਰਿਆਂ ਵਿਚ ਆਸਾ ਦੀ ਵਾਰ ਦਾ ਨਿਤ ਕੀਰਤਨ ਹੁੰਦਾ ਹੈ।

ਗੁਰਦੁਆਰਾ ਸਾਹਿਬਾਨ ਵਿਚ ਨਿਤਾਪ੍ਰਤੀ ਮਰਿਆਦਾ ਦੇ ਅੰਤਰਗਤ ਅੰਮ੍ਰਿਤ ਵੇਲੇ ਆਸਾ ਦੀ ਵਾਰ, ਸੰਝ ਵੇਲੇ ਰਹਿਰਾਸ ਤੋਂ ਪਹਿਲਾਂ ਸੋ ਦਰੁ ਦੀ ਚੌਕੀ, ਆਰਤੀ ਦੀ ਚੌਕੀ ਅਤੇ ਕੀਰਤਨ ਸੋਹਿਲੇ ਦੀ ਚੌਕੀ ਆਦਿ ਪ੍ਰਚੱਲਿਤ ਹਨ। ਕੀਰਤਨ ਚੌਕੀ ਦੀ ਸਪਸ਼ਟ ਰੂਪ ਵਿਚ ਪੇਸ਼ਕਾਰੀ ਹਰਿਮੰਦਰ ਸਾਹਿਬ ਦੀ ਕੀਰਤਨ ਪਰੰਪਰਾਂ ਤੋਂ ਭਲੀ ਭਾਂਤ ਸਪਸ਼ਟ ਹੈ ਜਿਸ ਵਿਚ ਵੱਖ ਵੱਖ ਸ਼ਬਦ ਕੀਰਤਨ ਚੌਕੀਆਂ ਪ੍ਰਚਲਿਤ ਹਨ।

1) ਤਿੰਨ ਪਹਿਰੇ ਦੀ ਕੀਰਤਨ ਚੌਕੀ
2) ਆਸਾ ਦੀ ਵਾਰ ਦੀ ਕੀਰਤਨ ਚੌਕੀ
3) ਬਿਲਾਵਲ ਦੀ ਚੌਕੀ
4) ਆਨੰਦ ਦੀ ਚੌਕੀ
5) ਚਰਨ ਕਮਲ ਦੀ ਚੌਕੀ

6) ਸੋ ਦਰੁ ਦੀ ਚੌਕੀ
7) ਆਰਤੀ ਦੀ ਚੌਕੀ
8) ਕਲਿਆਣ ਦੀ ਚੌਕੀ
9) ਸਮਾਪਤੀ ਦੀ ਚੌਕੀ (ਕਾਨੜੇ ਦੀ ਜਾਂ ਕੀਰਤਨ ਸੋਹਿਲੇ ਦੀ ਚੌਕੀ) ਆਦਿ।

ਕੀਰਤਨ ਚੌਕੀਆਂ ਦਾ ਪ੍ਰਵਾਹ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸਦੀਆ ਤੋਂ ਚਲ ਰਿਹਾ ਹੈ। ਇਨ੍ਹਾਂ ਕੀਰਤਨ ਚੌਕੀਆਂ ਤੋਂ ਇਲਾਵਾ ਵੱਖ ਵੱਖ ਰੁੱਤ ਕਾਲੀਨ ਕੀਰਤਨ ਚੌਕੀਆਂ ਪ੍ਰਚੱਲਿਤ ਹਨ। ਰੁੱਤ ਕਾਲੀਨ ਸ਼ਬਦ ਕੀਰਤਨ ਚੌਕੀਆਂ ਦੇ ਨਾਲ ਹੀ ਸਿੱਖੀ ਜੀਵਨ ਵਿਚ ਜਨਮ ਤੋਂ ਲੈ ਕੇ ਵੱਖ ਵੱਖ ਸੰਸਕਾਰਾਂ ਜਿਵੇਂ : ਜਨਮ ਸਮੇਂ ਦੀ ਕੀਰਤਨ ਚੌਕੀ, ਕੁੜਮਾਈ ਅਤੇ ਮਿਲਣੀ ਸਮੇਂ ਦੀ ਸ਼ਬਦ ਕੀਰਤਨ ਚੌਕੀ, ਆਨੰਦ ਕਾਰਜ ਦੀ ਕੀਰਤਨ ਚੌਕੀ, ਅਕਾਲ ਚਲਾਣੇ ਦੀ ਕੀਰਤਨ ਚੌਕੀ ਆਦਿ ਚੌਕੀਆਂ ਆਮ ਪ੍ਰਚੱਲਿਤ ਹਨ। ਇਸੇ ਤਰ੍ਹਾਂ ਹੀ ਕੁਝ ਵਿਭਿੰਨ ਅਵਸਰਾਂ ਤੇ ਹੋਣ ਵਾਲੇ ਕੀਰਤਨ ਸਬੰਧੀ ਕੁਝ ਕੀਰਤਨ ਚੌਕੀਆਂ ਸਥਾਪਿਤ ਹੋ ਚੁੱਕੀਆਂ ਹਨ ਜੋ ਕਿ ਸ਼ੁਕਰਾਨੇ ਦੀ ਸ਼ਬਦ ਕੀਰਤਨ ਚੌਕੀ ਦੇ ਅੰਤਰਗਤ ਆਉਂਦੀਆਂ ਹਨ। ਜਿਵੇਂ : ਗ੍ਰਹਿ ਪ੍ਰਵੇਸ਼, ਕਾਰੋਬਾਰ ਸ਼ੁਰੂ ਕਰਨ ਤੋਂ ਪਹਿਲਾਂ, ਕੰਮ ਦਾ ਮਹੂਰਤ, ਮਨਸਾ ਪੂਰੀ ਆਦਿ।

ਗੁਰੂ ਸਾਹਿਬ ਨੇ ਪੂਰੇ ਗੁਰੂ ਗ੍ਰੰਥ ਸਾਹਿਬ ਵਿਚ ਵੱਖ ਵੱਖ ਅਵਸਰਾਂ ਤੇ ਸ਼ੁਕਰਾਨੇ ਕਰਨ ਹਿੱਤ ਸਾਨੂੰ ਸ਼ਬਦ ਗੁਰੂ ਨਾਲ ਜੋੜਿਆ ਹੈ। ਉਕਤ ਸ਼ਬਦ ਕੀਰਤਨ ਚੌਕੀਆਂ ਜਿਥੇ ਗੁਰ ਦਰਬਾਰ ਦੀ ਵਿਵਹਾਰਿਕ ਗੁਰਮਤਿ ਮਰਿਆਦਾ ਦੀ ਧਾਰਨੀ ਹਨ ਉਥੇ ਸੰਗੀਤ ਦੀ ਦ੍ਰਿਸ਼ਟੀ ਤੋਂ ਵੀ ਇਨ੍ਹਾਂ ਦੀ ਵਿਸ਼ੇਸ਼ ਸੰਗੀਤਕ ਮਰਿਯਾਦਾ ਵਿਕਸਤ ਹੋਈ ਹੈ ਜਿਸ ਨੂੰ ਇਨ੍ਹਾਂ ਸ਼ਬਦ ਕੀਰਤਨ ਚੌਕੀਆਂ ਦੇ ਸੰਗੀਤ ਵਜੋਂ ਪਛਾਣਦੇ ਹਨ। ਇਹ ਸੰਗੀਤ ਵਿਗਿਆਨ ਕੀ ਹੈ, ਇਹੋ ਪ੍ਰਸ਼ਨ ਇਥੇ ਸਾਡੀ ਵਿਚਾਰ ਚਰਚਾ ਦਾ ਵਿਸ਼ਾ ਹੈ।

ਕੀਰਤਨ ਚੌਕੀ ਦਾ ਸੰਗੀਤ ਵਿਗਿਆਨ : ਗੁਰਮਤਿ ਸੰਗੀਤ ਵਿਚ ਕੀਰਤਨ ਚੌਕੀ ਹਿੱਤ ਚਾਰ ਸੰਗੀਤਕ ਚਰਣ ਬੁਨਿਆਦੀ ਤੌਰ ਤੇ ਸਵੀਕਾਰੇ ਜਾਂਦੇ ਹਨ। ਇਹ ਚਾਰ ਚਰਣ ਸ਼ਾਨ, ਮੰਗਲਾਚਰਣ, ਸ਼ਬਦ ਗਾਇਨ, ਪਉੜੀ ਹਨ। ਕਿਸੇ ਵੀ ਸ਼ਬਦ ਕੀਰਤਨ ਚੌਕੀ ਦਾ ਆਰੰਭ ਸ਼ਾਨ ਤੋਂ ਕੀਤਾ ਜਾਂਦਾ ਹੈ। ਪ੍ਰੋ. ਕਰਤਾਰ ਸਿੰਘ ਅਨੁਸਾਰ ਇਕ ਕੀਰਤਨ ਚੌਕੀ ਦੇ ਚਰਣ ਮੰਗਲਾਚਰਣ, ਧਰੁਪਦ ਅੰਗ ਦਾ ਸ਼ਬਦ, ਸ਼ਬਦ ਰੀਤ, ਪਉੜੀ ਹਨ।

ਬ੍ਰਹਤ ਹਿੰਦੀ ਕੋਸ਼ ਅਨੁਸਾਰ - ਸ਼ਾਨ ਦਾ ਅਰਥ ਹੈ ਗੌਰਵ, ਬੜਪਨ, ਪ੍ਰਤਿਸ਼ਠਾ, ਅੰਦਾਜ਼, ਰੂਪ, ਸ਼ਕਲ ਆਦਿ। ਜਦੋਂ ਕਿਸੇ ਵੀ ਰਾਗ ਵਿਚ ਸ਼ਬਦ ਗਾਇਨ ਕਰਨ ਤੋਂ ਪਹਿਲਾਂ ਸ਼ਾਨ ਵਜਾਈ ਜਾਂਦੀ ਹੈ ਤਾਂ ਰਾਗੀ ਸਿੰਘਾਂ ਦੁਆਰਾ ਸੰਬੰਧਿਤ ਰਾਗ ਦਾ ਮਾਹੌਲ ਬਨਾਉਣ ਦਾ ਇਕ ਅੰਦਾਜ਼ ਹੁੰਦਾ ਹੈ ਜਿਸ ਨੂੰ ਵਜਾਉਣ ਨਾਲ ਰਾਗ ਦਾ ਰੂਪ, ਰਾਗ ਦੀ ਸ਼ਕਲ ਸਾਹਮਣੇ ਆ ਜਾਂਦੀ ਹੈ।

ਸਿੱਖ ਧਰਮ ਦੇ ਅੰਤਰਗਤ ਸ਼ਬਦ ਕੀਰਤਨ ਦੀ ਚੌਕੀ ਦੀ ਪਹਿਲਾ ਅੰਗ ਸ਼ਾਨ ਹੈ। ਸ਼ਬਦ ਕੀਰਤਨ ਚੌਕੀ ਦੀ ਸ਼ੁਰੂਆਤ ਵਿਚ ਸ਼ਬਦ ਗਾਉਣ ਤੋਂ ਪਹਿਲਾਂ ਗਾਏ ਜਾਣ ਵਾਲੇ ਸੰਬੰਧਤ ਰਾਗ ਤੇ ਅਧਾਰਿਤ ਜਦੋਂ ਕੀਰਤਨਕਾਰ ਆਪਣੇ ਸਾਜ਼ (ਰਬਾਬ, ਦਿਲਰੁਬਾ, ਸਰੰਦਾ, ਤਾਊਸ, ਹਰਮੋਨੀਅਮ) ਉਤੇ ਰਾਗ ਬੱਧ ਸੰਗੀਤਕ ਧੁਨ ਸਥਾਈ, ਅੰਤਰੇ ਦੇ ਰੂਪ ਵਿਚ ਵਜਾਉਂਦੇ ਹਨ ਅਤੇ ਤਬਲਾ ਵਾਦਕ ਤਬਲਾ ਵਜਾਉਂਦਾ ਹੈ ਤਾਂ ਉਸਨੂੰ ਸ਼ਾਨ ਕਿਹਾ ਜਾਂਦਾ ਹੈ।

ਸੰਗੀਤਕ ਪੱਖੋਂ ਸ਼ਾਨ ਦੀ ਤਰ੍ਹਾਂ ਹਿੰਦੁਸਤਾਨੀ ਸੰਗੀਤ ਵਿਚ ਸੰਗੀਤਕਾਰ ਸਾਜ਼ ਉਤੇ ਸ਼ੁਰੂ ਵਿਚ ਕੋਈ ਧੁਨ ਵਜਾਉਂਦੇ ਹਨ, ਉਸ ਧੁਨ ਨੂੰ ਨਗਮਾ ਕਿਹਾ ਜਾਂਦਾ ਹੈ ਜੋ ਕਿ ਸ਼ਬਦ ਕੀਰਤਨ ਚੌਕੀ ਵਿਚ ਵੱਜਣ ਵਾਲੀ ਸ਼ਾਨ ਤੋਂ ਭਿੰਨ ਹੁੰਦੀ ਹੈ।

1. ਸ਼ਾਨ : ਸ਼ਬਦ ਗਾਇਨ ਕਰਨ ਤੋਂ ਪਹਿਲਾਂ ਸਾਜ਼ ਵਾਦਕ ਸੰਬੰਧਿਤ ਰਾਗ ਦੇ ਸੁਰਾਂ ਵਿਚ ਧੁਨ ਦਾ ਵਾਦਨ ਕਰਦਾ ਹੈ ਜੋ ਸਥਾਈ ਅਤੇ ਅੰਤਰਾ ਦੋ ਭਾਗਾਂ ਵਿਚ ਵੰਡੀ ਹੁੰਦੀ ਹੈ। ਤਬਲਾ ਵਾਦਕ ਵਜਾਈ ਜਾ ਰਹੀ ਧੁਨ ਦੇ ਨਾਲ ਆਪਣੀ ਕਲਾ ਦਾ ਜ਼ੌਹਰ ਵਿਖਾਉਂਦੇ ਹਨ। ਇਸ ਧੁਨ ਨੂੰ ਹੀ ਸ਼ਾਨ ਕਿਹਾ ਜਾਂਦਾ ਹੈ। ਸ਼ਾਨ ਵੱਜਣ ਨਾਲ ਇਕ ਵਿਸ਼ੇਸ਼ ਪ੍ਰਕਾਰ ਦਾ ਮਾਹੌਲ ਸਿਰਜਿਆ ਜਾਂਦਾ ਹੈ। ਇਹ ਪ੍ਰੰਪਰਾ ਹੁਣ ਵੀ ਕੀਰਤਨੀਆਂ ਤੋਂ ਸੁਣਨ ਨੂੰ ਮਿਲਦੀ ਹੈ। ਇਸ ਦੁਆਰਾ ਜਿਥੇ ਕੀਰਤਨ ਲਈ ਢੁਕਵਾਂ ਸੰਗੀਤਕ ਮਾਹੌਲ ਸਿਰਜਿਆ ਜਾਂਦਾ ਹੈ, ਉਥੇ ਤਬਲਾ ਵਾਦਕ ਆਪਣੀ ਕਸਬੀ ਮੁਹਾਰਤ ਦਾ ਪ੍ਰਦਰਸ਼ਨ ਕਰਦਿਆਂ ਸਰੋਤਿਆਂ ਨੂੰ ਸੰਗੀਤ ਦੇ ਵਿਸ਼ੇਸ਼ ਮਾਹੌਲ ਵਿਚ ਪ੍ਰਵੇਸ਼ ਕਰਾਉਂਦਾ ਹੈ।

ਗੁਰਮਤਿ ਸੰਗੀਤ ਵਿਚ ਗੁਰੂਨਾਨਕ ਦੇਵ ਜੀ ਤੋਂ ਲੈ ਕੇ ਰਬਾਬ, ਸਰੰਦਾ, ਤਾਊਸ, ਦਿਲਰੁਬਾ ਅਦਿ ਵਰਗੇ

ਤੰਤੀ ਸਾਜ਼, ਪ੍ਰਚਾਰ ਅਧੀਨ ਰਹੇ ਹਨ ਅਤੇ ਵਰਤਮਾਨ ਸਮੇਂ ਵੀ ਇਨ੍ਹਾਂ ਦਾ ਵਿਲੱਖਣ ਸਰੂਪ ਪੁਨਰ ਸੁਰਜੀਤ ਹੋ ਰਿਹਾ ਹੈ। ਰਾਗਾਤਮਕ ਦ੍ਰਿਸ਼ਟੀਕੋਣ ਤੋਂ ਰਾਗਾਂ ਦੀ ਪ੍ਰਕਿਰਤੀ ਨੂੰ ਭਲੀ ਭਾਂਤ ਪ੍ਰਗਟਾਉਣ ਵਿਚ ਅਤੇ ਇਕ ਰਾਗਾਤਮਕ ਮਾਹੌਲ ਸਿਰਜਣ ਵਿਚ ਇਹ ਸਾਜ਼ ਵਿਸ਼ੇਸ਼ ਤੌਰ ਤੇ ਸਹਾਈ ਹੁੰਦੇ ਹਨ। ਇਸ ਲਈ ਸ਼ਬਦ ਕੀਰਤਨ ਚੌਕੀ ਦੇ ਸੰਗੀਤ ਵਿਗਿਆਨ ਵਿਚ ਰਾਗਾਤਮਕ ਪੂਰਤੀ ਹਿੱਤ ਸ਼ਾਨ ਦਾ ਵਾਦਨ ਅਹਿਮ ਹੈ। ਸ਼ਾਨ ਦਾ ਵਾਦਨ ਤੰਤੀ ਸਾਜ਼ ਦੇ ਸੋਲੋ ਵਾਦਨ ਨਾਲੋਂ ਅਤੇ ਤਬਲੇ ਦੇ ਲਹਿਰੇ ਨਾਲੋਂ ਭਿੰਨ ਹੈ ਕਿਉਂਕਿ ਤਬਲੇ ਦੇ ਲਹਿਰੇ ਵਿਚ ਸਥਾਈ ਅੰਤਰਾ ਨਹੀਂ ਹੁੰਦਾ ਪਰ ਸ਼ਾਨ ਵਿਚ ਹੁੰਦਾ ਹੈ। ਸ਼ਾਨ, ਲਹਿਰਾ ਅਤੇ ਸੁਰਮਾਲਿਕਾ ਦਾ ਸੁਮੇਲ ਹੈ ਪਰ ਇਹ ਦੋਹਾਂ ਨਾਲੋਂ ਵੱਖਰੀ ਹੈ ਕਿਉਂਕਿ ਸੁਰਮਾਲਿਕਾ ਗਾਈ ਵੀ ਜਾਂਦੀ ਹੈ ਪਰ ਸ਼ਾਨ ਕੇਵਲ ਵਜਾਈ ਜਾਂਦੀ ਹੈ। ਸ਼ਾਨ ਸ਼ਬਦ ਕੀਰਤਨ ਚੌਕੀ ਦਾ ਅਹਿਮ ਅੰਗ ਹੈ।

2. ਬੰਦਨਾ ਜਾਂ ਮੰਗਲਾਚਰਣ : ਕਿਸੇ ਵੀ ਕਾਰਜ ਨੂੰ ਆਰੰਭ ਕਰਨ ਤੋਂ ਪਹਿਲਾਂ ਬੰਦਨਾ/ਮੰਗਲਾਚਰਣ ਦੀ ਰੀਤ ਭਾਰਤੀ ਪ੍ਰੰਪਰਾ ਵਿਚ ਬਹੁਤ ਪੁਰਾਤਨ ਹੈ। ਮੰਗਲਾਚਰਣ ਦੋ ਸ਼ਬਦਾਂ ਮੰਗ ਤੇ ਆਚਰਣ ਦਾ ਸਮਾਸ਼ ਹੈ। ਮੰਗਲ ਸ਼ਬਦ ਸੰਸਕ੍ਰਿਤ ਦੇ 'ਮੰਗ' ਧਾਤੂ ਦਾ ਵਿਉਂਤਪਤ ਰੂਪ ਹੈ। ਮੰਗ ਦੇ ਅਰਥ ਹਨ ਆਨੰਦ ਵਿਚ ਹੋਣਾ, ਹਰਕਤ ਕਰਨਾ, ਆਦਿ। ਇੰਝ ਮੰਗਲ ਦੇ ਸ਼ਬਦ ਵੀ ਖੁਸ਼ੀ ਜਾਂ ਆਨੰਦ ਹੀ ਹਨ। ਮੰਗਲ ਦਾ ਇਕ ਹੋਰ ਵਿਉਤਪਦ ਸ਼ਬਦ ਮੰਗਲਚਾਰ ਜਾਂ ਮੰਗਲਾਚਾਰ ਵੀ ਹੈ। ਮੰਗਲਾਚਰਣ ਦੇ ਅਰਥ ਕਿਸੇ ਉਤਸਵ ਦੀ ਰਸਮ ਅਥਵਾ ਅਨੰਦਾਇਕ ਕ੍ਰਿਆ ਹਨ। ਮੰਗਲਾਚਾਰ ਤੇ ਮੰਗਲਾਚਰਣ ਪਰਿਆਇਵਾਚੀ ਸ਼ਬਦ ਹਨ ਅਰਥਾਤ ਦੋਵੇਂ ਉਤਸਵ ਦੇ ਸੂਚਕ ਹਨ। ਇਸ ਤੋਂ ਇਲਾਵਾ ਮੰਗਲਾਚਰਣ ਦੇ ਹੋਰ ਅਰਥ ਵੀ ਹਨ। ਕਿਸੇ ਪੁਸਤਕ ਜਾਂ ਗ੍ਰੰਥ ਦੇ ਮੁੱਢ ਵਿਚ ਪੁਸਤਕ ਲੇਖਕ ਜਾਂ ਗ੍ਰੰਥਕਾਰ ਆਪਣੇ ਇਸ਼ਟ ਦੀ ਜੋ ਅਰਾਧਨਾ ਲਿਖਦਾ ਹੈ, ਉਸਨੂੰ ਮੰਗਲਾਚਰਣ ਆਖਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਮੰਗਲਾਚਰਣ ਉਸਤਤ ਦੀ ਰਸਮ, ਗ੍ਰੰਥ ਦੇ ਮੁੱਢ ਇਸ਼ਟਦੇਵ ਦਾ ਅਰਾਧਨ ਜਿਸਦੇ ਤਿੰਨ ਭੇਦ ਮੰਨੇ ਗਏ ਹਨ –

(ੳ) ਵਸਤੂ, ਨਿਦੇਸ਼ਾਤਮਕ ਮੰਗਲਾਚਰਣ ਅਨੁਸਾਰ ਗ੍ਰੰਥ ਵਿਚ ਜਿਸ ਦਾ ਜ਼ਿਕਰ ਕਰਨਾ ਹੈ, ਉਸ ਦੀ ਹੀ ਗੁਣ ਮਹਿਮਾ ਲੱਛਣ, ਬੋਧ ਕਰਾਉਣ ਵਾਲਾ ਮੰਗਲ, ਜੈਸੇ – ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ ............. ਆਦਿ।

(ਅ) ਅਸ਼ੀਰਵਾਦ ਮੰਗਲਾਚਾਰ ਵਿਚ ਕਲਯਾਣ ਦੀ ਕਾਮਨਾ ਕੀਤੀ ਜਾਂਦੀ ਹੈ ਜੈਸੇ 'ਵਾਹਿਗੁਰੂਜੀ ਕੀ ਫਤਹ' ਅਤੇਂ ਜੈ ਤੇਗੰ ਸ੍ਰੀ ਜੈ ਤੇਗੰ'।

(ੲ) ਨਮਸਕਾਰਾਤਮਕ ਜਿਸ ਵਿਚ ਪ੍ਰਣਾਮ ਕੀਤਾ ਜਾਵੇ ਜੈਸੇ 'ਪ੍ਰਣਮੋ ਆਦੀ ਏਕੰਕਾਰ' ਅਤੇ 'ਨਮਸਕਾਰ ਗੁਰਦੇਵ ਕਓ'।

ਸੰਗੀਤਕ ਪੱਖੋਂ ਵੀ ਨ੍ਰਿਤ ਸ਼ੁਰੂਕਰਨ ਤੋਂ ਪਹਿਲਾਂ ਆਸ਼ੀਰਵਾਦਾਤਮਕ ਮੰਗਲਾਚਰਣ ਦੇ ਅੰਤਰਗਤ ਆਪਣੇ ਇਸ਼ਟ ਦੀ ਆਰਾਧਨਾ ਲਈ ਮੰਗਲ ਗੀਤ ਗਾਏ ਜਾਂਦੇ ਹਨ। ਸੰਸਕ੍ਰਿਤ ਨਾਟਕਾਂ ਅਤੇ ਪੰਜਾਬੀ ਕਿੱਸਾਕਾਰਾਂ ਵਿਚ ਮੰਗਲਾਚਰਣ ਦੀ ਇਕ ਪੁਰਾਣੀ ਰਵਾਇਤ ਰਹੀ ਹੈ।

ਗੁਰਮਤਿ ਸੰਗੀਤ ਵਿਚ ਮੰਗਲਾਚਰਣ ਸ਼ਬਦ ਕੀਰਤਨ ਚੌਕੀ ਦਾ ਦੂਸਰਾ ਅੰਗ ਹੈ ਜੋ ਸ਼ਾਨ ਤੋਂ ਬਾਅਦ ਆਉਂਦਾ ਹੈ। ਜਿਸ ਵਿਚ ਮੰਗਲਾਚਰਣ ਦੇ ਤਿੰਨੋ ਭੇਦਾਂ ਦੇ ਅਧਾਰ ਤੇ ਪਰਮਾਤਮਾ ਅਤੇ ਗੁਰੂਸਾਹਿਬਾਨ ਦੀ ਉਸਤਤੀ ਵਿਚ ਬੇਨਤੀ ਰੂਪ ਵਿਚ ਬਾਣੀ, ਸ਼ਬਦ, ਸਲੋਕ ਆਦਿ ਦਾ ਗਾਇਨ ਵਿਲੰਬਿਤ ਇਕਤਾਲ, ਚਾਰਤਾਲ ਆਦਿ ਵੱਡੀਆਂ ਤਾਲਾਂ ਵਿਚ ਕੀਤਾ ਜਾਂਦਾ ਹੈ। ਸ਼ਬਦ ਕੀਰਤਨ ਚੌਕੀ ਦੇ ਸੰਗੀਤ ਵਿਗਿਆਨ ਵਿਚ ਮੰਗਲਾਚਰਣ ਸ਼ਬਦ ਕੀਰਤਨ ਦਾ ਆਰੰਭ ਜਾਂ ਮੁੱਖ ਦੁਆਰ ਹੈ ਜੋ ਸਿੱਧੇ ਤੌਰ ਤੇ ਸਾਨੂੰ ਬਾਣੀ ਨਾਲ ਜੋੜਦਾ ਹੈ। ਜਦਕਿ ਸ਼ਾਨ ਨਾਲ ਰਾਗ ਦਾ ਮਾਹੌਲ ਬਣਦਾ ਹੈ। ਬੰਦਨਾ ਜਾਂ ਮੰਗਲਾਚਰਣ ਵਿਚ ਗਾਈ ਜਾਣ ਵਾਲੀ ਬਾਣੀ ਤੋਂ ਹੀ ਸ਼ਬਦ ਕੀਰਤਨ ਚੌਕੀ ਦੇ ਪ੍ਰਕਰਣ ਜਾਂ ਵਿਸ਼ੇ ਦਾ ਰੂਪ ਪ੍ਰਗਟ ਹੋ ਜਾਂਦਾ ਹੈ। ਇਸ ਲਈ ਸ਼ਬਦ ਕੀਰਤਨ ਚੌਕੀ ਦੇ ਸੰਗੀਤ ਵਿਗਿਆਨ ਅਨੁਸਾਰ ਮੰਗਲਾਚਰਣ ਵਿਚ ਬਾਣੀ ਦੀ ਚੋਣ ਸਬੰਧਤ ਸ਼ਬਦ ਕੀਰਤਨ ਚੌਕੀ ਦੇ ਵਿਸ਼ੇ ਅਨੁਸਾਰ ਹੀ ਕਰਨੀ ਚਾਹੀਦੀ ਹੈ।

ਸ਼ਬਦ ਕੀਰਤਨ ਚੌਕੀ ਦੇ ਅੰਤਰਗਤ ਜਿਸ ਰਾਗ ਵਿਚ ਸ਼ਬਦ ਗਾਇਨ ਕਰਨਾ ਹੈ, ਉਸੇ ਵਿਚ ਹੀ ਮੰਗਲਾਚਰਣ ਕੀਤਾ ਜਾਂਦਾ ਹੈ, ਇਸ ਨੂੰ ਗੁਰਮਤਿ ਸੰਗੀਤ ਵਿਚ ਡੰਡਉਤ ਬੰਦਨਾ ਜਾਂ ਮੰਗਲਾਚਰਣ ਨਾਲ ਸੰਬੋਧਤ ਕੀਤਾ ਜਾਂਦਾ ਹੈ।

3. ਸ਼ਬਦ ਕੀਰਤਨ : ਸ਼ਬਦ ਕੀਰਤਨ ਚੌਕੀ ਦੇ ਵਿਗਿਆਨ ਅਨੁਸਾਰ ਸ਼ਬਦਾਂ ਦਾ ਗਾਇਨ ਕਿਸੇ ਵੀ ਸ਼ਬਦ ਕੀਰਤਨ ਚੌਕੀ ਦਾ ਪ੍ਰਮੁੱਖ ਤੇ ਕੇਂਦਰੀ ਹਿੱਸਾ ਹੈ। ਸ਼ਬਦ ਕੀਰਤਨ ਚੌਕੀ ਦੀ ਮਰਿਯਾਦਾ ਅਨੁਸਾਰ ਸ਼ਬਦਾਂ ਦੀ ਚੋਣ ਸਬੰਧਤ ਸ਼ਬਦ ਕੀਰਤਨ ਚੌਂਕੀ ਦੇ ਵਿਸ਼ੇ ਅਨੁਸਾਰ ਹੀ ਕਰਨੀ ਹੁੰਦੀ ਹੈ। ਸ਼ਬਦ ਗਾਇਨ ਵਿਚ ਸ਼ਬਦ ਇਕ, ਦੋ ਜਾਂ ਇਸ ਤੋਂ ਵਧੀਕ ਵੀ ਗਾਏ ਜਾ ਸਕਦੇ ਹਨ। ਪ੍ਰੰਤੂ ਕਿਉਂ ਜੋ ਗੁਰਮਤਿ ਸੰਗੀਤ ਪ੍ਰੰਪਰਾ ਸਨਾਤਨੀ ਤੇ ਲੋਕ ਸੰਗੀਤ ਪ੍ਰੰਪਰਾ ਦਾ ਸੁਮੇਲ ਹੈ ਇਸ ਲਈ ਸਨਾਤਨੀ ਬਾਣੀ ਰੂਪ ਦੇ ਗਾਇਨ ਹਿੱਤ (ਸਨਾਤਨੀ ਭਾਵ ਸ਼ਾਸਤਰੀ ਸੰਗੀਤ) ਦੇ ਅੰਗ ਤੋਂ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ। ਇਸ ਸੰਦਰਭ ਵਿਚ ਮਰਿਯਾਦਾ ਅਨੁਸਾਰ ਧਰੁਪਦ ਅੰਗ ਤੋਂ ਸ਼ਬਦ ਗਾਇਨ ਦੀ ਪੁਰਾਤਨ ਰੀਤ ਪ੍ਰਚੱਲਿਤ ਰਹੀ ਹੈ। ਵਰਤਮਾਨ ਸਮੇਂ ਭਾਵੇਂ ਸਮਕਾਲੀ ਸੰਗੀਤ ਕਾਰਣ ਸ਼ਾਸਤਰੀ ਅੰਗ ਤੋਂ ਖ਼ਿਆਲ ਗਾਇਨ ਦਾ ਪ੍ਰਚਲਨ ਵੀ ਦ੍ਰਿਸ਼ਟੀਗੋਚਰ ਹੋ ਰਿਹਾ ਹੈ ਫਿਰ ਵੀ ਸ਼ਬਦ ਗਾਇਨ ਦੀ ਚੌਂਕੀ ਦੀ ਪੁਰਾਤਨ ਤੇ ਸ਼ੁਧ ਰੀਤ ਧਰੁਪਦ ਅੰਗ ਤੋਂ ਗਾਇਨ ਦੀ ਹੀ ਹੈ। ਚਉਪਦੇ, ਦੁਪਦੇ, ਤਿਪਦੇ ਬਾਣੀ ਰੁਪ ਇਸੇ ਵਿਧਾਨ ਅਧੀਨ ਗਾਇਨ ਕੀਤਾ ਜਾਂਦੇ ਹਨ। ਅਸ਼ਟਪਦੀ ਦੀ ਪ੍ਰਬੰਧ ਗਾਇਨ ਵਜੋਂ ਗਾਇਨ ਕਰਨ ਦੀ ਰੀਤ ਵੀ ਹੁਣ ਧਰੁਪਦ ਦੇ ਅੰਗ ਤੋਂ ਹੀ ਪ੍ਰਚਲਤ ਹੈ ਜਿਸ ਵਿਚ ਸਥਾਈ, ਅੰਤਰਾ, ਸੰਚਾਰੀ, ਆਭੋਗ ਵੀ ਧਰੁਪਦ ਅੰਗ ਤੋਂ ਹੀ ਵਖਾਏ ਜਾ ਸਕਦੇ ਹਨ। ਸ਼ਬਦ ਕੀਰਤਨ ਚੌਕੀ ਦੇ ਸੰਗੀਤ ਵਿਗਿਆਨ ਵਿਚ ਸ਼ਬਦ ਗਾਇਨ ਦਾ ਅਗਲਾ ਹਿੱਸਾ ਸ਼ਬਦ ਨੂੰ ਸ਼ਬਦ ਰੀਤ ਪ੍ਰੰਪਰਾ ਅਨੁਸਾਰ ਸ਼ਾਸਤਰੀ ਸੰਗੀਤ ਅੰਗ ਤੋਂ ਕੁਝ ਹੱਟ ਕੇ ਸੁਗਮ ਅੰਦਾਜ਼ ਵਿਚ ਗਾਉਣ ਦੀ ਰੀਤ ਮੰਨੀ ਜਾਂਦੀ ਹੈ। ਇਸ ਦੇ ਪਿੱਛੇ ਸ਼ਬਦ ਕੀਰਤਨ ਚੌਕੀ ਦੁਆਰਾ ਬਾਣੀ ਨੂੰ ਸਮੂਹ ਸਰੋਤਿਆਂ, ਸੰਗਤ ਤੱਕ ਪਹੁੰਚਾਉਣ ਦੀ ਭਾਵਨਾ ਹੈ। ਸ਼ਬਦ ਗਾਇਨ ਦੇ ਅਗਲੇ ਹਿੱਸੇ ਵਿਚ ਲੋਕ ਅੰਗ ਜਾਂ ਧਾਰਣਾ ਅੰਗ ਤੋਂ ਵੀ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ। ਜਿਸ ਦਾ ਮੰਤਵ ਲੋਕ ਧਾਰਾ ਨਾਲ ਜੁੜੀਆਂ ਸਿੱਖ ਸੰਗਤਾਂ ਨੂੰ ਸ਼ਬਦ ਨਾਲ ਜੋੜਨਾ ਹੈ। ਕੀਰਤਨ ਚੌਕੀ ਦੇ ਸੰਗੀਤ ਵਿਗਿਆਨ ਅਨੁਸਾਰ ਸ਼ਬਦ ਪ੍ਰਧਾਨ ਗਾਇਕੀ ਵਿਚ ਸੰਗੀਤ ਦੇ ਸ਼ਾਸਤਰੀ, ਅਰਧ ਸ਼ਾਸਤਰੀ, ਸੁਗਮ ਅਤੇ ਲੋਕ ਸੰਗੀਤਕ ਅੰਗ ਦਾ ਪ੍ਰਯੋਗ ਬਾਖੂਬੀ ਕੀਤਾ ਜਾਂਦਾ ਹੈ।

4. ਪਉੜੀ : ਪਉੜੀ ਦਾ ਸ਼ਾਬਦਿਕ ਅਰਥ ਹੈ ਪੈਰ ਰੱਖਣ ਦੀ ਥਾਂ ਅਤੇ ਇਸ ਨੂੰ ਸੀੜੀ, ਜ਼ੀਨਾ ਅਥਵਾ ਸੋਪਾਨ ਵੀ ਕਿਹਾ ਜਾਂਦਾ ਹੈ। ਹੇਠਲੀ ਸ਼੍ਰੇਣੀ ਤੋਂ ਉਪਰਲੀ ਸ਼੍ਰੇਣੀ ਵੱਲ ਜਾਣ ਲਈ ਵਰਤੇ ਸਾਧਨ ਲਈ ਵੀ ਇਸ ਸ਼ਬਦ ਦੀ ਵਰਤੋਂ ਹੁੰਦੀ ਹੈ।

ਪਉੜੀ ਇਕ ਕਾਵਿ ਰੂਪ ਹੈ। ਇਸ ਪ੍ਰਬੰਧ ਕਾਵਿ ਵਿਚ ਵਿਚਾਰ ਪਉੜੀ ਦੇ ਡੰਡੇ ਵਾਂਗ ਉਪਰ ਚੜ੍ਹਦੇ ਤੇ ਸਾਰੀ ਰਚਨਾ ਨੂੰ ਇਕ ਭਰਪੂਰ ਚੜ੍ਹਤ ਦਾ ਰੂਪ ਦਿੰਦੇ ਹਨ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਪਉੜੀ ਛੰਦ ਗ੍ਰੰਥਾਂ ਵਿਚ ਇਕ ਸ਼੍ਰੇਣੀ ਛੰਦ ਹੈ। ਉਸੇ ਦਾ ਅਨੁਵਾਦ (ਤਰਜ਼ੁਮਾ) ਪਉੜੀ ਹੈ। ਇਸ ਵਿਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਰਚੀਆਂ ਜਾਂਦੀਆਂ ਹਨ। ਢਾਡੀ ਲੋਕ ਯੁੱਧ ਦਾ ਪ੍ਰਸੰਗ ਵਾਰਤਿਕ ਸੁਣਾ ਕੇ ਉਸ ਦਾ ਸਾਰ ਪੌੜੀ ਛੰਦ ਵਿਚ ਲੈਅ ਤਾਲ ਨਾਲ ਮਿਦ੍ਰੰਗ ਦੀ ਸਹਾਇਤਾ ਸਾਥ ਗਾਏ ਪ੍ਰਕਰਣ ਸਮਾਪਤ ਕਰਦੇ ਹਨ "ਦੁਰਗਾ ਪਾਠ ਪੜ੍ਹਾਇਆ ਸਭੇ ਪਉੜੀਆ" (ਚੰਡੀ 3)। ਪਉੜੀ ਏਕ ਤਾਲ (ਯੱਕਾ) ਤਿੰਨ ਤਾਲ, ਪੰਜ ਤਾਲ (ਅਸਵਾਰੀ), ਢਾਈ ਤਾਲ (ਰੂਪਕ) ਵਿਚ ਗਾਈਆਂ ਜਾਂਦੀਆਂ ਹਨ, ਪਉੜੀ ਗਾਉਣ ਵੇਲੇ ਪਖਾਵਜ ਦੀ ਗਤ ਨਹੀਂ ਵਜਾਈ ਜਾਂਦੀ, ਕਿੰਤੂ ਸਾਥ ਵਜਾਈਦਾ ਹੈ ਇਸੇ ਲਈ ਪਉੜੀ ਗਾਕੇ ਉਸਦਾ ਪਾਠ ਸੁਣਾਇਆ ਜਾਂਦਾ ਹੈ ਜਿਸ ਤੋਂ ਸ੍ਰੋਤੇ ਸ਼ਬਦਾਂ ਦੇ ਅਰਥ ਸਮਝ ਸਕਣ।

ਪਿਆਰਾ ਸਿੰਘ ਪਦਮ ਲਿਖਦੇ ਹਨ ਪੰਜਾਬੀ ਬੀਰ ਕਾਵਿ ਦਾ ਇਕ ਖਾਸ ਬਹਿਰ ਜਾਂ ਚਰਣ ਪ੍ਰਬੰਧ, ਜਿਸ ਵਿਚ ਕਈ ਪ੍ਰਕਾਰ ਦੇ ਛੰਦਾਂ ਦੀ ਵਰਤੋਂ ਕੀਤੀ ਮਿਲਦੀ ਹੈ। ਪਉੜੀ ਨੂੰ ਇਕ ਛੰਦ ਕਹਿਣਾ ਠੀਕ ਨਹੀਂ ਕਿਉਂਕਿ ਸਾਰੀਆਂ ਪਉੜੀਆਂ ਦਾ ਵਜ਼ਨ ਇਕ ਨਹੀਂ। ਸ਼ਬਦ ਕੀਰਤਨ ਚੌਕੀ ਨੂੰ ਅਸੀਂ ਨਿਮਨਲਿਖਤ ਵਿਧੀ ਦੁਆਰਾ ਵੀ ਪ੍ਰਗਟ ਕਰ ਸਕਦੇ ਹਾਂ।

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਗੁਰਮਤਿ ਸੰਗੀਤ ਵਿੱਚ ਰਾਗੀ ਪਰੰਪਰਾ ਦਾ ਯੋਗਦਾਨ

**ਡਾ. ਜਾਗੀਰ ਸਿੰਘ**

ਗੁਰਮਤਿ ਸੰਗੀਤ ਨੂੰ ਪ੍ਰਫੁਲਤ ਕਰਨ ਲਈ ਜਿਥੇ ਰਬਾਬੀ ਕੀਰਤਨਕਾਰਾਂ ਨੇ ਯੋਗ ਦਾਨ ਪਾਇਆ ਉੱਥੇ ਸਿੱਖ ਕੀਰਤਨੀਆਂ ਦਾ ਵੀ ਵੱਡਾ ਯੋਗਦਾਨ ਹੈ। ਗੁਰੂ ਘਰ ਵਿੱਚ ਕੀਰਤਨ ਕਰਨ ਵਾਲਿਆਂ ਲਈ ਰਬਾਬੀ ਭਾਈ ਮਰਦਾਨਾ ਦੇ ਵੰਸਜਾਂ ਲਈ ਹੀ ਵਰਤੀਂਦਾ ਜਾਪਦਾ ਹੈ। ਪਹਿਲਾਂ ਕੇਵਲ ਰਬਾਬੀ ਹੀ ਗੁਰੂਦਰਬਾਰ ਵਿੱਚ ਕੀਰਤਨ ਕਰਦੇ ਸਨ। ਕੀਰਤਨ ਭਗਤੀ ਦਾ ਇੱਕ ਮੁੱਖ ਅੰਗ ਰਿਹਾ ਹੈ। ਇਸ ਲਈ ਕੁਝ ਸਿੱਖ ਵੀ ਕੀਰਤਨ ਕਰਦੇ ਸਨ। ਪਰ ਆਮ ਤੌਰ ਤੇ ਉਹ ਕੀਰਤਨ ਨੂੰ ਕਿੱਤੇ ਦੇ ਰੂਪ ਵਿੱਚ ਨਹੀਂ ਅਪਨਾਉਂਦੇ ਸਨ। ਉਸ ਸਮੇਂ ਦੇ ਸਿੱਖ ਕੀਰਤਨੀਏ ਭਾਈ ਝਾਜੂ ਮੁਕੰਦ ਅਤੇ ਕਿਦਾਰਾ ਸਬੰਧੀ ਭਾਈ ਗੁਰਦਾਸ ਜੀ ਨੇ ਗਿਆਰਵੀਂ ਵਾਰ ਦੀ ਅਠਾਰਵੀਂ ਪਉੜੀ ਵਿੱਚ ਜਿਕਰ ਕੀਤਾ ਹੈ

ਝਾਝੂਅਤੇ ਮੁਕੰਦ ਹੈ ਕੀਰਤਨ ਕਰੇ ਹਜੂਰ ਕਿਦਾਰਾ।।<br>
ਸਾਧ ਸੰਗਤ ਪਰਗਟੁ ਪਹਾਰਾ।।<br>
ਭਗਤ ਰਤਨਾਵਲੀ ਵਿੱਚ ਇਸ ਪਉੜੀ ਦੀ ਵਿਆਖਿਆ ਕਰਦਿਆਂ ਲਿਖਿਆ ਹੈ<br>
ਝਾਜੁ, ਮੁਕੰਦੂਤੇ ਕਿਦਾਰਾ ਗੁਰੂਅਰਜਨ ਜੀ ਦੇ ਹਜੂਰ ਆਏ।

ਗਰੀਬ ਨਿਵਾਜ ਸਾਡਾ ਉਧਾਰ ਕਿਉਂ ਕਰ ਹੋਵੇਗਾ? ਤਾਂ ਬਚਨ ਹੋਇਆ ਤੁਸਾਂ ਨੂੰ ਰਾਗ ਦੀ ਸਮਝ ਹੈ ਤੇ ਕਲਿਯੁਗ ਵਿੱਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ। ਤੁਸੀਂ ਕੀਰਤਨ ਕੀਤਾ ਕਰੋ। ਤਾਂ ਉਹ ਸਦਾ ਨਿਹਕਾਮ ਹੋ ਕੇ ਹਜੂਰ ਕੀਰਤਨ ਕੀਤਾ ਕਰਨ। ਅਤੇ ਸਰੀਰ ਦੇ ਨਿਰਵਾਹ ਅਨੁਸਾਰ ਕੋਈ ਸ਼ਰਧਾ ਸੰਜੁਕਤ ਸੇਵਾ ਕਰੇ ਉਸੇ ਥੀਂ ਗੁਜ਼ਾਰਾ ਕਰਨ।

ਗੁਰੂਸਾਹਿਬ ਆਮ ਸਿੱਖਾਂ ਨੂੰ ਕੀਰਤਨ ਕਰਨ ਦੀ ਪ੍ਰੇਰਨਾ ਦਿੰਦੇ ਰਹਿੰਦੇ ਸਨ। ਗੁਰੂਘਰ ਵਿੱਚ ਕੀਰਤਨ ਕਰਨ ਲਈ ਸ਼ਰਧਾ ਬਹੁਤ ਜ਼ਰੂਰੀ ਹੈ। ਰਬਾਬੀ ਕੀਰਤਨੀਏ ਜਿਹਨਾਂ ਦਾ ਕਿੱਤਾ ਹੀ ਗੁਰਬਾਣੀ ਦਾ ਗਾਇਨ ਕਰਨਾ ਸੀ। ਇਹ ਕੀਰਤਨ ਦੀ ਨਿਸਚਿਤ ਭੇਟਾ ਦੀ ਮੰਗ ਕਰਨ ਲੱਗ ਪਏ। ਜਦੋਂ ਗੁਰੂ ਸਾਹਿਬ ਨੇ ਰਬਾਬੀਆਂ ਵਿੱਚ ਸ਼ਰਧਾ ਦੀ ਅਣਹੋਂਦ ਵੇਖੀ ਤਾਂ ਗੁਰੂਸਾਹਿਬ ਨੇ ਸਾਧਾਰਾਨ ਸਿੱਖਾਂ ਨੂੰ ਖੁਦ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ। ਭਾਈ ਸੰਤੋਖ ਸਿੰਘ ਗੁਰ ਪ੍ਰਤਾਪ ਸੂਰਜ ਵਿੱਚ ਲਿਖਦੇ ਹਨ –

ਸਭਿ ਸੰਗਤ ਇਕਠੀ ਦਈ ਦੀਵਾਨ ਲਗਾਏ।।<br>
ਸਿਖਨ ਕੋ ਆਇਸੁ ਕਈ ਤੁਮ ਰਾਗ ਸੁਨਾਵਹੁ।।<br>
ਗਹਯੋ ਦੁਤਾਰਾ ਸਿਖ ਕਿਹ ਕਿਨ ਗਹੀ ਰਬਾਬੰ।।<br>
ਹੋਇ ਨਿਸ਼ੰਕ ਗਾਵਨਿ ਲਗੇ ਸਬ ਭਏ ਅਜਾਬੰ।।<br>
ਬਚਨ ਮਾਨਿਬੇ ਗੁਰ ਕੋ ਬਿਦਿਆ ਸਭਿ ਪਾਈ।।<br>
ਜਾਨਤ ਅੁਤੇ ਨ ਰਾਗ ਕੋ ਗਾਵਤਿ ਬਿਸਮਾਈ।।<br>
ਸੁਨ ਸਿੱਖਨ ਕੇ ਰਾਗ ਕੋ ਗੁਰ ਭਏ ਪ੍ਰਸੰਨਾ।।<br>
ਬਰ ਦੀਨੋ ਤੁਮ ਪ੍ਰੇਮ ਜੁਤਿ ਹਮਰੋ ਬਚ ਮੰਨਾ।।<br>
ਅਬਿ ਤੇ ਬਿਦਿਆ ਰਾਗ ਕੀ ਸਿਖਨ ਮਹਿ ਆਈ।।<br>
ਗਾਵਹਿਂ ਸੁਨਿਹਿਂ ਸੁ ਪ੍ਰੀਤ ਧਰਿ ਲੇਂ ਸੁਭ ਗਤਿ ਪਾਈ।।

ਸਮਾਂ ਪਾ ਕੇ ਰਬਾਬੀ ਕੀਰਤਨੀਆਂ ਦੇ ਨਾਲ ਅਨੇਕਾਂ ਸਿੱਖ ਕੀਰਤਨੀਏ ਵੀ ਕੀਰਤਨ ਕਰਦੇ ਰਹੇ। ਇਹਨਾਂ ਕੀਰਤਨੀਆਂ ਦੀ ਕੀਰਤਨ ਸ਼ੈਲੀ ਰਬਾਬੀ ਕੀਰਤਨੀਆਂ ਕੁਝ ਭਿੰਨ ਸੀ। ਜਿਥੇ ਰਬਾਬੀ ਕੀਰਤਨੀਏ ਲੋਕ

ਸੰਗੀਤ ਦੀ ਸ਼ੈਲੀ ਅਤੇ ਕਵਾਲੀ ਨੁਮਾ ਸ਼ੈਲੀ ਵਿੱਚ ਕੀਰਤਨ ਕਰਦੇ ਸਨ। ਉੱਥੇ ਸਿੱਖ ਕੀਰਤਨੀਏ ਗੁਰੂਗ੍ਰੰਥ ਸਾਹਿਬ ਵਿੱਚ ਨਿਰਦੇਸ਼ਾਂ ਦੀ ਪਾਲਣਾ ਵੱਲ ਵਧੇਰੇ ਧਿਆਨ ਦਿੰਦੇ ਸਨ। ਰਬਾਬੀ ਕੀਰਤਨੀਏ ਕੀਰਤਨ ਦੇ ਕਿਰਿਆਤਮਕ ਵਿੱਚ ਮਾਹਿਰ ਸਨ। ਇਹਨਾਂ ਦੀ ਰੋਟੀ ਰੋਜੀ ਵੀ ਕੀਰਤਨ ਨਾਲ ਹੀ ਚਲਦੀ ਸੀ। ਇਸ ਕਰਕੇ ਇਹਨਾਂ ਦਾ ਮੁੱਖ ਧਿਆਨ ਆਮ ਸਰੋਤਿਆਂ ਦੇ ਮਨੋਰੰਜਨ ਵੱਲ ਵਧੇਰੇ ਹੁੰਦਾ ਸੀ। ਪਰ ਸਿੱਖ ਕੀਰਤਨੀਏ ਗੁਰੂਸਾਹਿਬ ਦੇ ਨਿਰਦੇਸ਼ਾਂ ਵੱਲ ਅਤੇ ਗੁਰਬਾਣੀ ਦੀ ਸ਼ੁਧਤਾ ਵੱਲ ਵਧੇਰੇ ਧਿਆਨ ਦਿੰਦੇ ਸਨ। ਰਬਾਬੀ ਅਤੇ ਸਿੱਖ ਕੀਰਤਨੀਆਂ ਨਾਲ ਸਬੰਧਤ ਕਥਾਵਾਂ ਇਸ ਗੱਲ ਨੂੰ ਵਧੇਰੇ ਉਜਾਗਰ ਕਰਦੀਆਂ ਹਨ। ਰਬਾਬੀ ਬਲਵੰਡ ਦਾ ਗੁਰੂਦੀ ਗੋਲਕ ਵਿੱਚੋਂ ਅੱਧਾ ਹਿੱਸਾ ਮੰਗਣਾ, ਉਸ ਦਾ ਬਾਬਾ ਬੁੱਢਾ ਜੀ ਨੂੰ ਕੀਰਤਨ ਸੁਣਾਉਣ ਤੋਂ ਇਨਕਾਰ ਕਰਨਾ ਅਤੇ ਫਿਰ ਆਪਣੀ ਬੇਟੀ ਵਿਆਹ ਸਮੇਂ ਨਿਸਚਿਤ ਭੇਟਾ ਦੀ ਮੰਗ ਕਰਨਾ, ਅਦਿ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਈ ਵਾਰ ਰਬਾਬੀ ਕੀਰਤਨੀਆਂ ਵਿੱਚ ਹੰਕਾਰ ਅਤੇ ਲਾਲਚ ਆ ਜਾਂਦਾ ਸੀ।ਪਰ ਇਹਨਾਂ ਹਵਾਲਿਆਂ ਤੋਂ ਰਬਾਬੀ ਕੀਰਤਨੀਆਂ ਬਾਰੇ ਗੁਰੂਸਾਹਿਬਾਨ ਦਾ ਬਾਰੇ ਰੱਵਈਆ ਵੀ ਪ੍ਰਗਟ ਹੁੰਦਾ ਹੈ।ਇਸ ਸਮੇਂ ਗੁਰੂ ਘਰ ਵਿੱਚ ਕੀਰਤਨ ਮਰਯਾਦਾ ਦੀ ਸਿਰਜਣਾ ਵੀ ਸਥਾਪਿਤ ਹੁੰਦੀ ਨਜਰ ਆ ਰਹੀ ਸੀ। ਰਬਾਬੀਆਂ ਦਾ ਮੁੜ ਗੁਰੂਦੀ ਸ਼ਰਨ ਵਿੱਚ ਆਉਣਾ ਅਤੇ ਉਹਨਾਂ ਦੀ ਬਾਣੀ ਨੂੰ ਗੁਰੂਗ੍ਰੰਥ ਸਾਹਿਬ ਵਿੱਚ ਸਥਾਨ ਦੇਣਾ ਗੁਰੂਦੇ ਕੀਰਤਨੀਆਂ ਦੇ ਸਤਿਕਾਰ ਦੀ ਉੱਤਮ ਉਦਾਹਰਨ ਹੈ।

ਸਿੱਖ ਕੀਰਤਨੀਏ ਕੀਰਤਨ ਦੀ ਮਹੱਤਤਾ ਸਮਝਣ ਵੱਲ ਵਧੇਰੇ ਧਿਆਨ ਦਿੰਦੇ ਸਨ। ਜਿਵੇਂ ਭਗਤ ਰਤਨਾਵਲੀ ਦੀ ਇੱਕ ਸਾਖੀ ਵਿੱਚ ਜਿਕਰ ਆਉਂਦਾ ਹੈ੍

ਝਾਜੂਮੁਕੰਦ ਅਤੇ ਉਹਨਾਂ ਦੇ ਸਾਥੀਆਂ ਨੇ ਅਰਦਾਸ ਕੀਤੀ , ਜੀ ਬਾਣੀ ਦੇ ਪਾਠ ਦਾ ਕਥਾ ਅਤੇ ਕੀਰਤਨ ਦਾ ਭਿੰਨ ਭਿੰਨ ਫਲ ਕਹੀਐ੍

ਬਚਨ ਹੋਆ੍ ਬਾਣੀ ਦਾ ਪਾਠੁ ਇਹੁ ਹੈ ਜੋ ਆਪਣੇ ਖੂਹੇ ਦੀ ਪੈਲੀ ਪਾਣੀ ਦੇ ਕੇ ਝਬ ਦੇ ਪਕਾਈਦੀ ਹੈ ਤੇ ਅਨਾਜ ਦਾ ਬੋਹਲ ਘਰ ਲੈ ਆਈਦਾ ਹੈ, ਜੇ ਖੂਹ ਦੀ ਪੈਲੀ ਨਜਦੀਕ ਹੋਵੇ ਤਾਂ ਉਸਨੂੰ ਭੀ ਪਾਣੀ ਪਹੁੰਚ ਸਕਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ।

ਫਿਰ ਕਥਾ ਅਤੇ ਕੀਰਤਨ ਦਾ ਅੰਤਰ ਸਮਝਾਇਆ ਗਿਆ ਹੈ੍

ਤੇ ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭ ਪੈਲੀਆਂ ਹਰੀਆਂ ਹੁੰਦੀਆਂ ਹਨ। ਤੇ ਕਥਾ ਦਾ ਫਲ ਇਹ ਹੈ ਕਿ ਮੇਘ ਜੋ ਠਹਿਰਿਆ ਹੋਇਆ ਨਿਰਵਾਤ ਝਿੰਮ ਝਿੰਮ ਬਰਖਾ ਕਰਦਾ ਹੈ, ਅੱਗੇ ਪੈਲੀਆਂ ਗਾਹੀਆਂ ਹੋਈਆਂ ਸੁਧਾਰੀਆਂ ਹੋਵਨ ਜੋ ਜੋ ਬੂੰਦ ਪਵੇ ਵਿੱਚ ਧਰਤੀ ਤੇ ਸਮਾਵਦੀ ਜਾਵੇ, ਤੈਸੇ ਸਮਝਵਾਨ ਸਿੱਖ ਹੁੰਦੇ ਹੈਨ, ਜੋ ਜੋ ਕਥਾ ਕੀਰਤਨ ਕਰਦੇ ਹੈਨ ਤੇ ਵਾਰਤਾ ਸੁਣਦੇ ਹਨ ਸੋ ਸੋ ਰਿਦੈ ਵਿੱਚ ਧਾਰਦੇ ਹੁੰਦੀ ਹੈ। ਕਥਾ ਤੇ ਕੀਰਤਨ ਦੋਵੇਂ ਮਿਲੇ ਸੋਭਾ ਪਾਂਵਦੇ ਹਨ।

ਗਿਆਨੀ ਗਿਆਨ ਸਿੰਘ ਅਨੁਸਾਰ ਜਦੋਂ ਰਬਾਬੀਆਂ ਗੁਰੂਘਰ ਵਿੱਚ ਕੀਰਤਨ ਕਰਨ ਤੋਂ ਇਨਕਾਰ ਕੀਤਾ ਤਾਂ ਗੁਰੂਜੀ ਨੇ ਰਬਾਬੀਆਂ ਰਾਹੀਂ ਵਜਾਏ ਜਾਣ ਵਾਲੇ ਸਾਜ਼ਾਂ ਦਾ ਵੀ ਗੁਰ ਦਰਬਾਰ ਵਿੱਚ ਵਜਾਉਣਾ ਵਰਜਿਤ ਕਰ ਦਿੱਤਾ। ਹੁਣ ਸਾਰੰਗੀ ਦੀ ਥਾਂ ਸਰੰਦਾ ਅਤੇ ਮਿਰਦੰਗ ਦੀ ਥਾਂ ਜੋੜੀ ਦਾ ਵਾਦਨ ਹੋਣ ਲੱਗ ਪਿਆ। ਸਿੱਖ ਇਤਿਹਾਸ ਵਿੱਚ ਜਿਥੇ ਰਬਾਬੀ ਕੀਰਤਨੀਆਂ ਦਾ ਜ਼ਿਕਰ ਹੁੰਦਾ ਹੈ ਉਥੇ ਸਿੱਖ ਕੀਰਤਨੀਆਂ ਦੇ ਹਵਾਲੇ ਵੀ ਪ੍ਰਾਪਤ ਹੁੰਦੇ ਹਨ ਜਿਵੇਂ ਭਾਈ ਝਾਜੂ, ਭਾਈ ਮੁਕੰਦਾ, ਭਾਈ ਕਿਦਾਰਾ ਆਦਿ।

ਗੁਰੂਹਰਿਗੋਬਿੰਦ ਜੀ ਦੇ ਕੀਰਤ ਪੁਰ ਸਾਹਿਬ ਚਲੇ ਜਾਣ ਤੋਂ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਪ੍ਰਿਥੀਚੰਦ ਦੀ ਔਲਾਦ ਕੋਲ ਆ ਗਿਆ ਉਸ ਵੇਲੇ ਦੇ ਕੀਰਤਨਕਾਰਾਂ ਬਾਰੇ ਇਤਿਹਾਸ ਚੁੱਪ ਹੈ। ਗੁਰੂਗੋਬਿੰਦ ਸਿੰਘ ਜੀ ਤੋਂ ਬਾਅਦ ਬਾਬਾ ਬੰਦਾ ਬਹਾਦਰ ਦੇ ਸਮੇਂ ਮਾਤਾ ਸੁੰਦਰੀ ਜੀ ਨੇ ਦਰਬਾਰ ਸਾਹਿਬ ਦਾ ਪ੍ਰਬੰਧ ਚਲਾਉਣ ਲਈ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਭੇਜਿਆ, ਉਹਨਾਂ ਨੇ ਮੁੜ ਗੁਰ ਮਰਯਾਦਾ ਸਥਾਪਤ ਕੀਤੀ। ਉਹਨਾਂ ਦੇ ਨਾਲ ਜੱਸਾ ਸਿੰਘ ਆਹਲੂਵਾਲੀਆ ਵੀ ਆਏ ਸਨ ਜਿਹੜੇ ਖੁਦ ਕੀਰਤਨ ਕਰਦੇ ਸਨ। ਸਿੱਖ ਮਿਸਲਾਂ ਦੇ ਸਮੇਂ ਦਰਬਾਰ ਸਾਹਿਬ ਦੇ ਆਲੇ ਦੁਆਲੇ ਵੱਖ ਵੱਖ ਬੁੰਗਿਆਂ ਦੀ ਉਸਾਰੀ ਹੋਈ। ਇਸ ਸਮੇਂ ਕੁਝ ਕੀਰਤਨਕਾਰਾਂ ਦੇ ਨਾਮ ਪ੍ਰਾਪਤ ਹੁੰਦੇ ਹਨ ਜਿਵੇਂ ਰਾਗੀ ਕਾਹਨ ਸਿੰਘ, ਰਾਗੀ ਚੜ੍ਹਤ ਸਿੰਘ, ਰਾਗੀ ਧਨਪਤ ਸਿੰਘ, ਰਾਗੀ ਅਮਰ ਸਿੰਘ ਆਦਿ।ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿੱਚ ਹਰਿਮੰਦਰ ਸਾਹਿਬ ਵਿਖੇ ਜਿਥੇ ਮੁਸਲਮਾਨ ਰਬਾਬੀ

ਕੀਰਤਨ ਕਰਦੇ ਸਨ ਉਥੇ ਸਿੱਖ ਰਾਗੀ ਵੀ ਕੀਰਤਨ ਕਰਦੇ ਸਨ ।

ਭਾਈ ਮਨਸਾ ਸਿੰਘ- ਇਸ ਸਮੇਂ ਹਰਿਮੰਦਰ ਸਾਹਿਬ ਦੇ ਪ੍ਰਸਿੱਧ ਰਾਗੀ ਭਾਈ ਮਨਸਾ ਸਿੰਘ ਦਾ ਜ਼ਿਕਰ ਆਉਂਦਾ ਹੈ ਜਿਹੜੇ ਗੁਰੂਘਰ ਵਿੱਚ ਕੀਰਤਨ ਕਰਨ ਦੇ ਨਾਲ ਆਪਣਾ ਨਿਜੀ ਜੀਵਨ ਗੁਰਬਾਣੀ ਦਰਸਾਏ ਕੀਰਤਨੀਏ ਵਾਂਗ ਜੀਉਂਦੇ ਸਨ। ਗੁਰਬਾਣੀ ਦਾ ਫੁਰਮਾਨ ਹੈ-

ਭਲੋ ਭਲੋ ਰੇ ਕੀਰਤਨੀਆ
ਰਾਮ ਰਮਾ ਰਾਮਾ ਗੁਨ ਗਾਉ।।
ਛੋਡਿ ਮਾਇਆ ਕੇ ਧੰਧ ਸੁਆਉ।। (ਸ੍ਰੀ ਗੁਰੂਗ੍ਰੰਥ ਸਾਹਿਬ ਪੰਨਾ 885)

ਇਤਿਹਾਸ ਵਿੱਚ ਵਰਣਨ ਮਿਲਦਾ ਹੈ ਕਿ ਆਪਦੀ ਕਮਜ਼ੋਰ ਮਾਇਕ ਹਾਲਤ ਦੇਖ ਕੇ ਮਹਾਰਾਜਾ ਰਣਜੀਤ ਸਿੰਘ ਨੇ ਆਪ ਨੂੰ ਧਨ ਦੇਣ ਦੀ ਕੋਸ਼ਿਸ਼ ਕੀਤੀ ਪਰ ਆਪ ਨੇ ਇਨਕਾਰ ਕਰ ਦਿੱਤਾ।

ਬਾਬਾ ਸ਼ਾਮ ਸਿੰਘ- ਮਹਾਰਾਜਾ ਰਣਜੀਤ ਸਿੰਘ ਵਿੱਚ ਇੱਕ ਹੋਰ ਪ੍ਰਸਿੱਧ ਰਾਗੀ ਦਾ ਨਾਮ ਵਰਣਨਯੋਗ ਹੈ। ਇਹਨਾਂ ਬਾਬਾ ਸ਼ਾਮ ਸਿੰਘ ਕਿਹਾ ਜਾਂਦਾ ਸੀ। ਬਾਬਾ ਸ਼ਾਮ ਸਿੰਘ ਸ੍ਰੀ ਹਰਿਮੰਦਰ ਸਾਹਿਬ ਵਿਖੇ ਰਾਤ ਦੇ ਤੀਸਰੇ ਪਹਿਰ ਕਿਵਾੜ ਖੁਲ੍ਹਣ ਤੋਂ ਪਹਿਲਾਂ ਸਰੰਦੇ ਨਾਲ ਕੀਰਤਨ ਕਰਦੇ ਸਨ। ਆਪ ਨੇ ਇਹ ਸੇਵਾ ਲਗਭਗ ਸੱਤਰ ਸਾਲ ਕੀਤੀ। ਇਹਨਾਂ ਦਾ ਸਰੰਦਾ ਅਜੇ ਵੀ ਸਿੱਖ ਅਜਾਇਬ ਘਰ ਵਿੱਚ ਸੁਭਾਇਮਾਨ ਹੈ।।

ਗਿਆਨੀ ਗਿਆਨ ਸਿੰਘ ਅਨੁਸਾਰ ਰਾਗੀਆਂ ਵਿੱਚੋਂ ਪਹਿਲੇ ਪਹਿਲ ਭਾਈ ਮੱਸਾ ਸਿੰਘ ਰਾਗੀ ਬਹੁਤ ਚਿਰ ਆਸਾ ਦੀ ਵਾਰ ਦੀ ਚੌਕੀ ਕਰਦਾ ਰਿਹਾ, ਜਿਸ ਨੇ ਸੰਤਾਨ ਨਾ ਹੋਦ ਕਰਕੇ ਆਪਣੇ ਦੋਹਤਰੇ ਭਾਈ ਮਾਨ ਸਿੰਘ ਨੂੰ ਮੁਤਬੰਨਾ ਬਣਾ ਕੇ ਆਪਣੀ ਥਾਂ ਕਾਇਮ ਕੀਤਾ, ਜਿਸ ਨੂੰ ਸਾਰੇ ਸਿੱਖਾਂ ਵੱਲੋਂ ਸਿਰੋਪਾ ਮਿਲਣ ਤੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਸਿਰੋਪਾ ਤੇ ਕੁਝ ਜਾਗੀਰ ਭੇਟ ਕੀਤੀ। ਉਸ ਦੀ ਸੰਤਾਨ ਕਾਫੀ ਸਮਾਂ ਦਰਬਾਰ ਸਾਹਿਬ ਕੀਰਤਨ ਕਰਦੀ ਰਹੀ ਹੈ। ਗਿਆਨੀ ਗਿਆਨ ਸਿੰਘ ਜੀ ਨੇ ਕੁਝ ਰਾਗੀ ਜਥਿਆਂ ਦੇ ਨਾਵਾਂ ਦੀ ਸੂਚੀ ਵੀ ਦਿੱਤੀ ਹੈ

1 ਭਾਈ ਚੇਤ ਸਿੰਘ, ਹਜਾਰਾ ਸਿੰਘ
2 ਭਾਈ ਮਿਸਰਾ ਸਿੰਘ, ਕਪੂਰ ਸਿੰਘ
3 ਭਾਈ ਪੈੜਾ ਸਿੰਘ, ਕਿਸ਼ਨ ਸਿੰਘ, ਗੁਰਦਿੱਤ ਸਿੰਘ ਆਦਿ
4 ਭਾਈ ਰਤਨ ਸਿੰਘ, ਕਰਮ ਸਿੰਘ, ਮੰਗਲ ਸਿੰਘ
5 ਭਾਈ ਗੰਡਾ ਸਿੰਘ, ਜਮੀਤ ਸਿੰਘ, ਮੰਗਲ ਸਿੰਘ
6 ਭਾਈ ਆਨੰਦ ਮਾਨ ਸਿੰਘ, ਅਮੀਰ ਸਿੰਘ, ਬੇਰੀ ਆਦਿ
7 ਭਾਈ ਬਿਸ਼ਨ ਸਿੰਘ ਬੁਧ ਸਿੰਘ ਆਦਿ
8 ਭਾਈ ਮੰਗਲ ਸਿੰਘ, ਰਾਮ ਸਿੰਘ ਰਾਗੀਆਂ ਰਾਗੀਆਂ

ਭਾਵੇਂ ਸੰਗੀਤ ਕਲਾ ਰਬਾਬੀਆਂ ਦੀ ਖਾਨਦਾਨੀ ਕਲਾ ਸੀ ਇਸ ਕਰਕੇ ਉਹ ਇਸ ਵਿੱਚ ਮਾਹਿਰ ਸਨ। ਪਰ ਸਮਾਂ ਪਾ ਕੇ ਸਿਖਾਂ ਵਿੱਚ ਵੀ ਇਸ ਕਲਾ ਵਿਚ ਮੁਹਾਰਤ ਰੱਖਣ ਵਾਲੇ ਸੰਗੀਤਕਾਰ ਬਣ ਗਏ ਸਨ। ਇਹਨਾਂ ਰਾਗੀਆਂ ਵਿੱਚੋਂ ਕਈ ਰਾਗੀ ਬਹੁਤ ਵਿਦਵਾਨ ਹੋਏ ਹਨ ਜਿਵੇਂ ਭਾਈ ਮਿਸਰਾ ਸਿੰਘ ਇਤਨੇ ਵਿਦਵਾਨ ਸਨ ਕਿ ਮਹੰਤ ਗੱਜਾ ਸਿੰਘ ਰਾਹੀਂ ਇਹਨਾਂ ਦੀ ਸਿਫਤ ਸੁਣ ਕੇ ਮਹਾਰਾਜਾ ਭੁਪਿੰਦਰ ਸਿੰਘ ਨੇ ਇਹਨਾਂ ਪਾਸੋਂ ਸੰਗੀਤ ਸ਼ਾਸਤਰ ਲਿਖਵਾਉਣ ਲਈ ਕੁਝ ਚਿਰ ਲਈ ਆਪਣੇ ਦਰਬਾਰ ਵਿੱਚ ਨਿਯੁਕਤ ਕੀਤਾ ਸੀ।

ਅੰਗਰੇਜ਼ ਕਾਲ ਵਿੱਚ ਸਿੱਖ ਧਾਰਮਿਕ ਸਥਾਨਾਂ ਦਾ ਪ੍ਰਬੰਧ ਆਮ ਤੌਰ ਤੇ ਮਹੰਤਾ ਕੋਲ ਸੀ। ਇਸ ਸਮੇਂ ਵੀ ਰਾਗੀ ਅਤੇ ਰਬਾਬੀ ਇਹਨਾਂ ਸਥਾਨਾਂ ਤੇ ਕੀਰਤਨ ਕਰਦੇ ਸਨ। ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਕਈ ਮੁਸਲਮਾਨ ਰਬਾਬੀ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਅਤੇ ਉਹ ਪੂਰੀ ਸ਼ਰਧਾ ਨਾਲ ਗੁਰਮਤਿ ਸੰਗੀਤ ਵਿੱਚ ਯੋਗਦਾਨ ਦਿੰਦੇ ਰਹੇ । ਅਜਿਹੇ ਕੀਰਤਨੀਆਂ ਵਿੱਚੋਂ ਭਾਈ ਰਣਜੋਧ ਸਿੰਘ ਜੋ ਕੀਰਤਨੀਏ ਭਾਈ ਜਸਵੰਤ ਸਿੰਘ ਅਤੇ ਭਾਈ ਪਾਲ ਸਿੰਘ, (ਭਾਈ ਜੱਸਾ ਪਾਲਾ) ਦੇ ਪਿਤਾ ਸਨ, ਭਾਈ ਤਾਨਾਂ ਸਿੰਘ, ਭਾਈ ਮਿਹਰ ਸਿੰਘ ਤਾਨ, ਭਾਈ ਗੁਰਮੁਖ ਸਿੰਘ ਸਰਮੁਖ ਸਿੰਘ ਫੱਕਰ, ਭਾਈ ਧਰਮ ਸਿੰਘ ਭਾਈ ਸ਼ਮਸ਼ੇਰ ਸਿੰਘ ਜ਼ਖਮੀ ਆਦਿ ਵਰਣਨ ਯੋਗ ਹਨ। ਇਹਨਾਂ ਕੀਰਤਨੀਆਂ ਨੇ ਆਪਣੇ ਬੱਚਿਆਂ ਨੂੰ ਵੀ ਕੀਰਤਨ ਦੀ ਤਾਲੀਮ ਦਿੱਤੀ ਅਤੇ ਸਿੱਖੀ ਸਰੂਪ ਵਿੱਚ ਕੀਰਤਨ ਕਰਨ ਲਈ ਪ੍ਰੇਰਿਆ। ਇਹਨਾਂ ਦੀ ਔਲਾਦ ਹੁਣ ਵੀ ਕੀਰਤਨ ਕਰ ਰਹੀ ਹੈ। ਖਾਲਸਾ ਟ੍ਰੈਕਟ ਸੁਸਾਇਟੀ

ਵੱਲੋਂ ਸੰਨ 1900 ਵਿੱਚ ਛਪੀ ਡਾਇਰੈਟਰੀ ਦੇ ਹਵਾਲੇ ਨਾਲ ਪ੍ਰੋ ਪਿਆਰਾ ਸਿੰਘ ਪਦਮ ਨੇ ਅੰਮ੍ਰਿਤ ਕੀਰਤਨ ਮੈਗਜੀਨ ਵਿੱਚ ਸੌ ਸਾਲ ਪੁਰਾਣੇ ਰਬਾਬੀਆਂ ਅਤੇ ਢਾਡੀਆਂ ਦੀ ਸੂਚੀ ਦੇਣ ਦੇ ਨਾਲ ਨਾਲ ਰਾਗੀਆਂ ਦੀ ਸੂਚੀ ਵੀ ਦਿੱਤੀ ਹੈ। ਇਸ ਸੂਚੀ ਵਿੱਚ ਦਰਜ ਕੁਝ ਨਾਮ ਇਸ ਪ੍ਰਕਾਰ ਹਨ੍

ਭਾਈ ਗੰਗਾ ਸਿੰਘ,ਭਾਈ ਹਰੀ ਸਿੰਘ, ਭਾਈ ਭਾਗ ਸਿੰਘ, ਭਾਈ ਪਰਤਾਪ ਸਿੰਘ , ਭਾਈ ਪਰਾਗ ਸਿੰਘ, ਭਾਈ ਸੰਪੂਰਨ ਸਿੰਘ, ਭਾਈ ਪ੍ਰੇਮ ਸਿੰਘ, ਭਾਈ ਕੇਸਰ ਸਿੰਘ, ਭਾਈ ਗੰਡਾ ਸਿੰਘ, ਭਾਈ ਸ਼ੇਰ ਸਿੰਘ, ਭਾਈ ਮੂਲ ਸਿੰਘ, ਭਾਈ ਠਾਕੁਰ ਸਿੰਘ, ਭਾਈ ਹਰਨਾਮ ਸਿੰਘ, ਭਾਈ ਸੁਰਪਤ ਸਿੰਘ, ਭਾਈ ਹਰੀ ਸਿੰਘ, ਭਾਈ ਸਹਿਜ ਸਿੰਘ, ਭਾਈ ਸਾਧੂ ਸਿੰਘ, ਭਾਈ ਗੁਲਾਬ ਸਿੰਘ, ਭਾਈ ਚੜ੍ਹਤ ਸਿੰਘ, ਭਾਈ ਸੁੰਦਰ ਸਿੰਘ, ਭਾਈ ਹਰਿਨਾਮ ਸਿੰਘ, ਭਾਈ ਬਿਹਾਲ ਸਿੰਘ, ਭਾਈ ਨਰੈਣ ਸਿੰਘ, ਭਾਈ ਹਰੀ ਸਿੰਘ, ਭਾਈ ਪ੍ਰਤਾਪ ਸਿੰਘ, ਭਾਈ ਮੀਰ ਸਿੰਘ, ਭਾਈ ਗੁਰਮੁਖ ਸਿੰਘ, ਭਾਈ ਫਤੇ ਸਿੰਘ, ਭਾਈ ਖਜਾਨ ਸਿੰਘ, ਭਾਈ ਨਿਹਾਰ ਸਿੰਘ, ਭਾਈ ਹਜਾਰਾ ਸਿੰਘ ਆਦਿ।

ਸਿੱਖ ਕੀਰਤਨੀਆਂ ਵਿੱਚੋਂ ਕੁਝ ਕੀਰਤਨੀਏ ਗੁਰਮਤਿ ਸੰਗੀਤ ਦੇ ਇਤਿਹਾਸ ਵਿੱਚ ਵਿਸ਼ੇਸ਼ ਸਥਾਨ ਰਖਦੇ ਹਨ। ਇਹਨਾਂ ਨੇ ਆਪਣੇ ਕੀਰਤਨ ਨਾਲ ਬਹੁਤ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ।

ਭਾਈ ਸੁੰਦਰ ਸਿੰਘ- ਆਪ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ ਕੀਰਤਨੀਏ ਸਨ। ਆਪ ਦਾ ਕੀਰਤਨ ਇਤਨਾ ਪ੍ਰਭਾਵਸ਼ਲੀ ਕਿ ਇਸ ਨੂੰ ਬੰਗਾਲ ਦੇ ਮਹਾਂਕਵੀ ਰਵਿੰਦਰ ਨਾਥ ਠਾਕੁਰ ਨੇ ਆਪ ਨੂੰ ਕਲਕਤੇ ਲੈ ਜਾਣ ਦੀ ਇੱਛਾ ਪ੍ਰਗਟਾਈ ਸੀ।

ਮਹੰਤ ਗੱਜਾ ਸਿੰਘ- ਮਹੰਤ ਗੱਜਾ ਸਿੰਘ ਸੰਗੀਤ ਕਲਾ ਵਿੱਚ ਨਿਪੁਣ ਸਨ। ਆਪ ਸਰੰਦਾ ਵਜਾਉਣ ਵਿੱਚ ਮਾਹਿਰ ਸਨ। ਆਪ ਮਹਾਰਾਜਾ ਪਟਿਆਲਾ ਦੇ ਦਰਬਾਰੀ ਕੀਰਤਨੀਏ ਵੀ ਰਹੇ। ਆਪ ਨੇ ਭਾਈ ਕਾਹਨ ਸਿੰਘ ਨਾਭਾ ਨੂੰ ਸੰਗੀਤ ਸਿੱਖਿਆ ਦਿੱਤੀ ਅਤੇ ਮਹਾਨ ਕੋਸ਼ ਵਿੱਚ ਗੁਰਮਤਿ ਸੰਗੀਤ ਸਬੰਧੀ ਐਂਟਰੀਆਂ ਲਿਖਣ ਵਿੱਚ ਸਹਿਯੋਗ ਦਿੱਤਾ। ਇਸ ਕਾਰਨ ਗੁਰਮਤਿ ਸੰਗੀਤ ਸਬੰਧੀ ਭਰਪੂਰ ਪਰਮਾਣਿਕ ਜਾਣਕਾਰੀ ਉਪਲਭਦ ਹੋ ਰਹੀ ਹੈ। ਆਪ ਦੇ ਪ੍ਰਮੁਖ ਸ਼ਗਿਰਦਾਂ ਵਿੱਚ ਮਹਾਰਾਜਾ ਭੁਪਿੰਦਰ ਸਿੰਘ, ਭਾਈ ਵੀਰ ਸਿੰਘ ਜੀ, ਭਾਈ ਕਾਹਨ ਸਿੰਘ ਨਾਭਾ ਅਤੇ ਦਿਲਰੁਬਾ ਵਾਦਕ ਭਾਈ ਹਰਨਾਮ ਸਿੰਘ ਜੀ ਦਾ ਨਾਮ ਸ਼ਾਮਲ ਹੈ।

ਭਾਈ ਜਵਾਲਾ ਸਿੰਘ- ਭਾਈ ਜਵਾਲਾ ਸਿੰਘ ਗੁਰੂਅਰਜਨ ਦੇਵ ਜੀ ਵੱਲੋਂ ਵਰੋਸਾਏ ਹੋਏ ਕੀਰਤਨੀਆਂ ਦੀ ਲੜੀ ਵਿੱਚੋਂ ਇੱਕ ਸਨ। ਆਪ ਪਾਸ ਗੁਰੂ ਕਾਲ ਦੀਆਂ ਪੁਰਾਤਨ ਰੀਤਾਂ ਦਾ ਖਜਾਨਾ ਸੀ। ਆਪ ਨੇ ਇਹਨਾਂ ਦੀ ਤਾਲੀਮ ਆਪਣੇ ਸਪੁੱਤਰਾਂ ਭਾਈ ਗੁਰਚਰਨ ਸਿੰਘ ਅਤੇ ਭਾਈ ਅਵਤਾਰ ਸਿੰਘ ਨੂੰ ਦਿੱਤੀ ਜਿਹੜੇ ਉਮਰ ਭਰ ਇਹਨਾਂ ਦਾ ਗਾਇਨ ਕਰਦੇ ਰਹੇ। ਇਸ ਦੇ ਨਾਲ ਹੀ ਇਹਨਾਂ ਨੇ ਇਹਨਾਂ ਰੀਤਾਂ ਨੂੰ ਲਿਪੀਬਧ ਕਰਕੇ ਪੰਜਾਬੀ ਯੂਨੀਵਰਸਟੀ ਤੋਂ ਪ੍ਰਕਾਸ਼ਿਤ ਕਰਵਾਇਆ। ਹੁਣ ਇਹ ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ ਪੁਸਤਕ ਦੇ ਰੂਪ ਵਿੱਚ ਉਪਲਭਧ ਹਨ। ਇਹਨਾਂ ਦੇ ਵੰਸ ਵਿੱਚੋਂ ਭਾਈ ਕੁਲਤਾਰ ਸਿੰਘ ਕੀਰਤਨ ਕਰ ਰਹੇ ਹਨ ਅਤੇ ਭਾਈ ਜਵਾਲਾ ਸਿੰਘ ਦੀ ਕੀਰਤਨ ਸ਼ੈਲੀ ਨੂੰ ਕਾਇਮ ਰੱਖ ਰਹੇ ਹਨ।

ਭਾਈ ਹੀਰਾ ਸਿੰਘ-ਭਾਈ ਹੀਰਾ ਸਿੰਘ ਸਿੰਘ ਸਭਾ ਲਹਿਰ ਦੇ ਪ੍ਰਸਿੱਧ ਕੀਰਤਨੀਏ ਹੋਏ ਹਨ। ਆਪ ਨੇ ਕੀਰਤਨ ਕਰਨ ਦੇ ਨਾਲ ਨਾਲ ਅਨੇਕਾਂ ਵਿਦਿਅਕ ਸੰਸਥਾਵਾਂ ਦੀ ਸੰਸਥਾਵਾਂ ਦੀ ਸਥਾਪਨਾ ਕੀਤੀ। ਆਪ ਉਮਰ ਭਰ ਗੁਰਮਤਿ ਸੰਗੀਤ ਦੇ ਮਿਆਰੀ ਕੀਰਤਨੀਏ ਵਜੋਂ ਵਿਚਰਦੇ ਰਹੇ ਜਿਸ ਦਾ ਮਨੋਰਥ ਕੇਵਲ ਮਾਇਆ ਕਮਾਉਣਾ ਨਹੀਂ ਸੀ ਸਗੋਂ ਲੋਕਾਈ ਦਾ ਭਲਾ ਕਰਨਾ ਵੀ ਸੀ।

ਭਾਈ ਸੁਧ ਸਿੰਘ ਪ੍ਰਧਾਨ ਸਿੰਘ- ਭਾਈ ਸੁਧ ਸਿੰਘ ਭਾਈ ਪ੍ਰਧਾਨ ਸਿੰਘ ਪ੍ਰਸਿਧ ਟਕਸਾਲੀ ਕੀਰਤਨੀਏ ਸਨ। ਆਪ ਪੁਰਾਤਨ ਰੀਤਾਂ ਵਿੱਚ ਕੀਰਤਨ ਕਰਦੇ ਰਹੇ ਹਨ। ਆਪ ਦੇ ਜਥੇ ਵਿੱਚੋਂ ਭਾਈ ਪ੍ਰਧਾਨ ਸਿੰਘ ਜੀ ਅਤੇ ਉਹਨਾਂ ਦੇ ਸਪੁੱਤਰ ਸ੍ਰ ਹਰਭਜਨ ਸਿੰਘ ਰਤਨ ਵਲੋਂ ਗਾਇਨ ਕੀਤੀ ਆਸਾ ਦੀ ਵਾਰ ਦੇ ਰਿਕਾਰਡ ਤਿਆਰ ਹੋਏ ਸਨ। ਇਹ ਆਸਾ ਦੀ ਵਾਰ ਦੀ ਗਾਇਨ ਵਿਧੀ ਦਾ ਇੱਕ ਚੰਗਾ ਨਮੂਨਾ ਹੈ।

ਗਿਆਨੀ ਗਿਆਨ ਸਿੰਘ ਐਬਟਾਬਾਦ- ਗਿਆਨੀ ਗਿਆਨ ਸਿੰਘ ਨਿਸ਼ਕਾਮ ਕੀਰਤਨੀਏ ਸਨ। ਆਪ ਕਿੱਤੇ ਵਜੋਂ ਕੀਰਤਨ ਨਹੀਂ ਸੀ ਕਰਦੇ। ਆਪ ਨੇ ਗੁਰਮਤਿ ਸੰਗੀਤ ਦੀ ਸਿੱਖਿਆ ਭਾਈ ਲਾਲ ਸਿੰਘ ਐਬਟਾਬਾਦ ਪਾਸੋਂ ਪ੍ਰਾਪਤ ਕੀਤੀ। ਪਰ ਆਪਨੂੰ ਟਕਸਾਲੀ ਕੀਰਤਨ ਦੀ ਸੰਭਾਲ ਦਾ ਖਾਸ ਫਿਕਰ ਸੀ। ਇਸ ਲਈ ਆਪ ਨੇੌ ਪ੍ਰਸਿੱਧ ਰਾਗੀਆਂ ਦੀਆਂ ਰੀਤਾਂ ਸੁਣ ਕੇ ਗਿਆਨੀ ਹਰਦਿੱਤ ਸਿੰਘ ਅਤੇ ਪ੍ਰਿੰਸੀਪਲ ਦਿਆਲ ਸਿੰਘ ਨਾਲ ਮਿਲ ਕੇ ਉਹਨਾਂ

ਦੀਆਂ ਸੁਰ ਲਿਪੀਆਂ ਤਿਆਰ ਕੀਤੀਆਂ ਜਿਹਨਾਂ ਨੂੰ ਬਾਅਦ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਬਾਣੀ ਸੰਗੀਤ ਨਾਮਕ ਪੁਸਤਕ ਦੋ ਭਾਗਾਂ ਵਿੱਚ ਪ੍ਰਕਾਸ਼ਿਤ ਕੀਤੀ। ਆਪ ਦੀ ਇਹ ਪੁਸਤਕ ਗੁਰਮਤਿ ਸੰਗੀਤ ਸਾਹਿਤ ਵਿੱਚ ਵਿਸ਼ੇਸ਼ ਸਥਾਨ ਰਖਦੀ ਹੈ।

ਭਾਈ ਪ੍ਰੇਮ ਸਿੰਘ ਰਾਗੀ- ਪਟਿਆਲ ਰਿਆਸਤ ਨਾਲ ਸਬੰਧਤ ਭਾਈ ਪ੍ਰੇਮ ਸਿੰਘ ਗੁਰਮਤਿ ਸੰਗੀਤ ਦੀ ਸਿਧਾਂਤਕ ਗਿਆਨ ਰੱਖਣ ਵਾਲੇ ਰਾਗੀ ਸਨ। ਆਪ ਨੇ ਗੁਰਮਤਿ ਰਤਨ (ਸੰਗੀਤ) ਭੰਡਾਰ ਨਾਮਕ ਪੁਸਤਕ ਦੀ ਰਚਨਾ ਕੀਤੀ। ਇਸ ਪੁਸਤਕ ਵਿੱਚ ਗੁਰੂਗ੍ਰੰਥ ਸਾਹਿਬ ਦੀ ਬਾਣੀ ਦੀ ਜਾਣਕਾਰੀ ਦੇਣ ਦੇ ਨਾਲ ਵੱਖ ਵੱਖ ਰਾਗਾਂ ਦੇ ਵੇਰਵੇ ਅਤੇ ਸੰਗੀਤ ਸਬੰਧੀ ਹੋਰ ਜਾਣਕਾਰੀ ਦਿੱਤੀ ਗਈ ਹੈ।

ਭਾਈ ਸਮੁੰਦ ਸਿੰਘ- ਆਪ ਕਲਾਸੀਕਲ ਅੰਦਾਜ਼ ਵਿੱਚ ਕੀਰਤਨ ਕਰਦੇ ਸਨ। ਆਪ ਦੇ ਕੀਰਤਨ ਸਦਕਾ ਗੁਰਮਤਿ ਸੰਗੀਤ ਦੇ ਮਿਆਰ ਦੀ ਗੈਰ ਸਿੱਖ ਸੰਗੀਤਕਾਰਾਂ ਵਿੱਚ ਵੀ ਚਰਚਾ ਹੁੰਦੀ ਸੀ। ਇਹਨਾਂ ਦੇ ਸਮੇਂ ਤਕ ਰੇਡੀਓ ਅਤੇ ਰਿਕਾਰਡਿੰਗ ਕੰਪਨੀਆਂ ਅਜੇ ਅਰੰਭ ਹੀ ਹੋ ਰਹੀਆਂ ਸਨ। ਇਸ ਕਾਰਨ ਹੁਣ ਕੀਰਤਨ ਦੀ ਸਾਂਭ ਸੰਭਾਲ ਆਰੰਭ ਹੋ ਗਈ। ਆਪ ਦੇ ਕੀਰਤਨ ਦੀਆਂ ਰਿਕਾਰਡਿੰਗਜ਼ ਹੁਣ ਵੀ ਬੜੇ ਸਤਿਕਾਰ ਨਾਲ ਸੁਣੀਆਂ ਜਾਂਦੀਆਂ ਹਨ। ਆਪ ਦਾ ਕੀਰਤਨ ਅਜੋਕੇ ਕੀਰਤਨੀਆਂ ਅਤੇ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਲਈ ਇੱਕ ਉਦਾਹਰਨ ਹੈ। ਭਾਈ ਸਾਹਿਬ ਦੀ ਕੀਰਤਨ ਸ਼ੈਲੀ ਨੂੰ ਉਹਨਾਂ ਦੇ ਸ਼ਾਗਿਰਦ ਪ੍ਰੋ ਪਰਮਜੋਤ ਸਿੰਘ ਨੇ ਆਤਮਸਾਤ ਕੀਤਾ ਹੈ ਉਹਨਾਂ ਨੇ 31 ਰਾਗਾਂ ਦੀ ਰਿਕਾਰਡਿੰਗ ਤਿਆਰ ਕਰਨ ਦੇ ਨਾਲ ਨਾਲ ਨਿਰਧਾਰਿਤ ਰਾਗਾਂ ਤੇ ਅਧਾਰਿਤ ਸਵਰ ਸਮੁੰਦ ਨਾਮਕ ਪੁਸਤਕ ਵੀ ਪ੍ਰਕਾਸ਼ਿਤ ਕੀਤੀ।

ਭਾਈ ਸੰਤਾ ਸਿੰਘ-ਭਾਈ ਸੰਤਾ ਸਿੰਘ ਸੁਰੀਲੀ ਆਵਾਜ਼ ਅਤੇ ਇੱਕ ਨਿਵੇਕਲੇ ਅੰਦਾਜ਼ ਕੀਰਤਨ ਕਰਨ ਵਾਲੇ ਕੀਰਤਨੀਏ ਸਨ। ਆਪ ਉੱਚੀ ਸੁਰ ਵਿੱਚ ਬੜਾ ਪ੍ਰਭਾਵਸ਼ਾਲੀ ਕੀਰਤਨ ਕਰਦੇ ਸਨ। ਆਪ ਵੀ ਰੇਡੀਓ ਅਤੇ ਰਿਕਾਰਡਿੰਗ ਕੰਪਨੀਆਂ ਬੜੇ ਮਕਬੂਲ ਸਨ। ਆਪ ਦੇ ਕੀਰਤਨ ਦੀ ਰਿਕਾਰਡਿੰਗ ਹੁਣ ਬੜੇ ਪਿਆਰ ਸਤਿਕਾਰ ਨਾਲ ਸੁਣੀ ਜਾਂਦੀ ਹੈ। ਆਪ ਨੇ ਜਿਥੇ ਖੁਦ ਲੰਮਾਂ ਸਮਾਂ ਸ੍ਰੀ ਹਰਿਮੰਦਰ ਸਾਹਿਬ ਅਤੇ ਬਾਅਦ ਵਿੱਚ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਵਿਖੇ ਕੀਰਤਨ ਦੀ ਸੇਵਾ ਕੀਤੀ ਉਥੇ ਅਗੋਂ ਆਪਣੇ ਭਰਾਤਾ ਅਤੇ ਆਪਣੀ ਔਲਾਦ ਨੂੰ ਵੀ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ। ਆਪ ਦੇ ਭਰਾਤਾ ਭਾਈ ਸ਼ਮਸ਼ੇਰ ਸਿੰਘ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਕੀਰਤਨ ਕਰਦੇ ਰਹੇ ਹਨ। ਆਪ ਦੇ ਭਤੀਜੇ ਭਾਈ ਹਰਜੀਤ ਸਿੰਘ ਭਾਈ ਹਰਦੀਪ ਸਿੰਘ ਆਦਿ ਹੁਣ ਵੀ ਆਪ ਦੀ ਸ਼ੈਲੀ ਵਿੱਚ ਕੀਰਤਨ ਕਰਦੇ ਹਨ।

ਭਾਈ ਸੁਰਜਨ ਸਿੰਘ- ਭਾਈ ਸੁਰਜਨ ਸਿੰਘ ਜੀ ਨੇ ਕੀਰਤਨ ਦੇ ਖੇਤਰ ਵਿੱਚ ਵਿਸ਼ੇਸ਼ ਨਾਮਣਾ ਖੱਟਿਆ ਹੈ। ਆਪ ਦੀ ਆਵਾਜ਼ ਇੱਕ ਅਜੀਬ ਕਸ਼ਿਸ਼ ਸੀ। ਜਿਸ ਸਦਕਾ ਆਪ ਦਾ ਕੀਰਤਨ ਬਿਹਬਲਤਾ ਅਤੇ ਕਰੁਣਾ ਰਸ ਨਾਲ ਭਰਪੂਰ ਸੀ। ਆਪ ਦੀ ਆਵਾਜ਼ ਦਾ ਇਤਨਾ ਪ੍ਰਭਾਵ ਸੀ ਕਿ ਪ੍ਰਸਿੱਧ ਕਲਾਸੀਕਲ ਗਾਇਕ ਪਦਮ ਸ੍ਰੀ ਸ੍ਰ ਸੋਹਣ ਸਿੰਘ ਨੇ ਆਪ ਦਾ ਗਾਇਨ ਸੁਣ ਕੇ ਸੰਗੀਤ ਕਲਾ ਨੂੰ ਅਪਣਾਇਆ। ਆਪ ਵੱਲੋਂ ਗਾਇਨ ਕੀਤੀ ਆਸਾ ਦੀ ਵਾਰ ਦੇ ਰਿਕਾਰਡ ਹੁਣ ਵੀ ਬਹੁਤ ਮਕਬੂਲ ਹਨ।

ਸੰਤ ਸਰਵਣ ਸਿੰਘ ਡੁਮੇਲੀ ਵਾਲੇ - ਸੰਤ ਸਰਵਣ ਸਿੰਘ ਡੁਮੇਲੀ ਵਾਲੇ ਉੱਚ ਕੋਟੀ ਦੇ ਕੀਰਤਨੀਏ ਹੋਏ ਹਨ। ਆਪ ਗੁਰਮਤਿ ਸੰਗੀਤ ਦੇ ਸਿਧਾਂਤਕ ਅਤੇ ਕਿਰਿਆਤਮਕ ਪੱਖ ਵਿੱਚ ਮਾਹਿਰ ਸਨ। ਆਪ ਨੇ ਗੁਰਮਤਿ ਸੰਗੀਤ ਦੇ ਸਿਧਾਂਤ ਬਾਰੇ ਸੁਰ ਸਿਮਰਨ ਸੰਗੀਤ ਲੜੀ ਦੀਆਂ ਛੇ ਪੁਸਤਕਾਂ ਪ੍ਰਕਾਸ਼ਿਤ ਕਰਵਾ ਕੇ ਗੁਰਮਤਿ ਸੰਗੀਤ ਸਾਹਿਤ ਨੂੰ ਭਰਪੂਰ ਯੋਗਦਾਨ ਦਿੱਤਾ।

ਭਾਈ ਪਿਆਰਾ ਸਿੰਘ- ਭਾਈ ਪਿਆਰਾ ਸਿੰਘ ਲੰਮਾ ਸਮਾਂ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ ਕਰਦੇ ਰਹੇ। ਆਪ ਵੱਲੋਂ ਟਕਸਾਲੀ ਰੀਤਾਂ ਅਨੁਸਾਰ ਕੀਤੇ ਜਾਂਦੇ ਕੀਰਤਨ ਨੂੰ ਸੰਗਤਾਂ ਬਹੁਤ ਸਲਾਹੁੰਦੀਆਂ ਸਨ। ਆਪ ਨੇ ਗੁਰਮਤਿ ਸੰਗੀਤ ਦੀ ਸਿਖਲਾਈ ਆਪਣੇ ਭਰਾਤਾ ਭਾਈ ਕਿਰਪਾਲ ਸਿੰਘ ਅਤੇ ਆਪਣੇ ਸਪੁਤਰਾਂ ਭਾਈ ਜਸਵੰਤ ਸਿੰਘ ਅਤੇ ਭਾਈ ਮਨਜੀਤ ਸਿੰਘ ਨੂੰ ਦਿੱਤੀ ਜਿਹੜੇ ਹੁਣ ਤਕ ਕੀਰਤਨ ਦੀ ਸੇਵਾ ਕਰ ਰਹੇ ਹਨ।

ਭਾਈ ਜਸਵੰਤ ਸਿੰਘ ਕਲਾਰਾਂ ਵਾਲੇ- ਆਪਨੇ ਮਸਤੁਆਣਾ ਟਕਸਾਲ ਅਤੇ ਦੌਧਰ ਪੁਰ ਦੀ ਟਕਸਾਲ ਵਿੱਚ ਅਨੇਕਾਂ ਵਿਦਿਆਰਥੀਆਂ ਨੂੰ ਕੀਰਤਨ ਸਿਖਲਾਈ ਦਿੱਤੀ। ਆਪ ਦੇ ਵਿਦਿਆਰਥੀਆਂ ਵਿੱਚੋਂ ਭਾਈ ਅਰਮੀਕ ਸਿੰਘ , ਭਾਈ ਬਲਦੇਵ ਸਿੰਘ ਭਾਈ ਪ੍ਰੀਤਮ ਸਿੰਘ ਆਦਿ ਪ੍ਰਸਿੱਧ ਰਾਗੀ ਹੋਏ ਹਨ। ਆਪ ਨੇ ਗੁਰਮਤਿ

ਸੰਗੀਤ ਸਬੰਧੀ ਪੁਸਤਕ ਦੀ ਰਚਨਾ ਵੀ ਕੀਤੀ।

ਭਾਈ ਉੱਤਮ ਸਿੰਘ- ਭਾਈ ਉੱਤਮ ਸਿੰਘ ਤਖਤ ਸ੍ਰੀ ਕੇਸ ਗੜ੍ਹ ਸਾਹਿਬ, ਸ੍ਰੀ ਦੂਖ ਨਿਵਾਰਨ ਸਾਹਿਬ ਅਤੇ ਸ੍ਰੀ ਫਤਹਿ ਗੜ੍ਹ ਸਾਹਿਬ ਵਿਖੇ ਲੰਮਾਂ ਸਮਾ ਕੀਰਤਨ ਕਰਦੇ ਰਹੇ ਹਨ। ਆਪਨੇ ਕੀਰਤਨ ਦੀ ਤਾਲੀਮ ਆਪਣੇ ਸਪੁੱਤਰਾਂ ਨੂੰ ਵੀ ਦਿੱਤੀ। ਇਹਨਾਂ ਵਿੱਚੋ ਡਾਕਟਰ ਜਾਗੀਰ ਸਿੰਘ ਕੀਰਤਨ ਵਿੱਚ ਨਾਮਣਾ ਖੱਟ ਚੁੱਕੇ ਹਨ। ਦੇਸ ਵਿਦੇਸ ਵਿੱਚ ਪ੍ਰਾਪਤ ਹੋਏ ਸਨਮਾਨਾਂ ਤੋਂ ਇਲਾਵਾ ਆਪ ਨੂੰ ਰਾਜ ਪੱਧਰ ਦਾ ਸ਼੍ਰੋਮਣੀ ਰਾਗੀ ਅਵਾਰਡ ਅਤੇ ਰਾਸ਼ਟਰੀ ਪੱਧਰ ਦਾ ਸੰਗੀਤ ਨਾਟਕ ਅਕਾਦਮੀ ਅਵਾਰਡ ਵੀ ਪ੍ਰਾਪਤ ਹੋਇਆ ਹੈ। ਆਪ ਨੇ ਗੁਰਮਤਿ ਸੰਗੀਤ ਦੀ ਦੇ ਸਿਧਾਂਤਾਂ ਸਬੰਧੀ ਪੁਸਤਕਾਂ ਦੀ ਰਚਨਾ ਕੀਤੀ ਹੈ। ਗੁਰਮਤਿ ਸੰਗੀਤ ਦੀ ਸੰਭਾਲ ਲਈ ਆਪ ਨੇ ਅੰਮ੍ਰਿਤ ਕੀਰਤਨ ਟ੍ਰਸਟ ਦੀ ਸਥਾਪਨਾ ਕਰਕੇ ਗੁਰਮਤਿ ਸੰਗੀਤ ਨੂੰ ਸਮਰਪਿਤ ਮਾਸਿਕ ਪੱਤਰ ਅੰਮ੍ਰਿਤ ਕੀਰਤਨ ਦੀ ਪ੍ਰਕਾਸ਼ਨਾ ਕਰ ਰਹੇ ਹਨ। ਭਾਈ ਉੱਤਮ ਸਿੰਘ ਜੀ ਦੇ ਦੂਜੇ ਸਪੁੱਤਰ ਡਾਕਟਰ ਬਚਿੱਤਰ ਸਿੰਘ ਮਿਆਰੀ ਕੀਰਤਨ ਕਰਦੇ ਹਨ। ਆਪ ਆਕਾਸ਼ਵਾਣੀ ਦੇ ਪ੍ਰਵਾਣਿਤ ਕੀਰਤਨੀਏ ਹਨ। ਤੀਜੇ ਸਪੁੱਤਰ ਡਾਕਟਰ ਗੁਰਨਾਮ ਸਿੰਘ ਨੇ ਗੁਰਮਤਿ ਸੰਗੀਤ ਨੂੰ ਅਕਾਦਮਿਕ ਖੇਤਰ ਵਿੱਚ ਪ੍ਰਚਲਿਤ ਕਰਨ ਲਈ ਭਰਪੂਰ ਯੋਗਦਾਨ ਪਾਇਆ ਹੈ। ਆਪ ਨੇ ਗੁਰਮਤਿ ਸੰਗੀਤ ਸਬੰਧੀ ਅਕਾਦਮਿਕ ਪੱਧਰ ਦਾ ਸਾਹਿਤ ਹੀ ਨਹੀਂ ਰਚਿਆ ਸਗੋਂ ਗੁਰਮਤਿ ਸੰਗੀਤ ਦੇ ਕਿਰਿਆਤਮਕ ਪੱਖ ਦਾ ਮਿਆਰ ਸਥਾਪਤ ਰੱਖਣ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗਾਂ ਵਿੱਚ ਕੀਰਤਨ ਦੀਆਂ ਰਿਕਾਰਡਿੰਗਜ਼ ਵੀ ਤਿਆਰ ਕੀਤੀਆਂ ਹਨ।ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਗੁਰਮਤਿ ਸੰਗੀਤ ਚੇਅਰ ਦੀ ਸਥਾਪਨਾ ਅਤੇ ਗੁਰਮਤਿ ਸੰਗੀਤ ਵਿਭਾਗ ਦੀ ਸਥਾਪਨਾ ਆਪ ਦਾ ਮਹਾਨ ਕਾਰਜ ਹੈ। ਇਥੇ ਗੁਰਮਤਿ ਸੰਗੀਤ ਦੀ ਸਿੱਖਿਆ ਪੋਸਟਗ੍ਰੈਜੂਏਟ ਪੱਧਰ ਤੇ ਦਿੱਤੀ ਜਾ ਰਹੀ ਹੈ। ਅੱਜਕਲ ਆਪ ਪੰਜਾਬੀ ਯੂਨੀਵਰਸਟੀ ਵਿੱਚ ਮੁੱਖੀ ਗੁਰਮਤਿ ਸੰਗੀਤ ਵਿਭਾਗ ਵਜੋਂ ਸੇਵਾ ਨਿਭਾ ਰਹੇ ਹਨ।

ਭਾਈ ਬਖਸ਼ੀਸ਼ ਸਿੰਘ -ਭਾਈ ਬਖਸ਼ੀਸ਼ ਸਿੰਘ ਤਰਨਤਾਰਨ ਟਕਸਾਲ ਦੇ ਪ੍ਰਸਿੱਧ ਕੀਰਤਨੀਏ ਸਨ। ਆਪ ਕੀਰਤਨ ਕਰਨ ਅਤੇ ਰੀਤਾਂ ਗਾਉਣ ਸਮੇਂ ਗੁਰਬਾਣੀ ਦੇ ਸਪਸ਼ਟ ਉਚਾਰਨ ਵੱਲ ਵਿਸ਼ੇਸ਼ ਧਿਆਨ ਦਿੰਦੇ ਸਨ। ਆਪ ਕਠਿਨ ਰਾਗਾਂ ਅਤੇ ਤਾਲਾਂ ਵਿਚ ਬੜੀ ਸਹਿਜ ਨਾਲ ਕੀਰਤਨ ਕਰਦੇ ਸਨ। ਆਪ ਦੀ ਆਵਾਜ਼ ਵਿਸ਼ੇਸ਼ ਬੁਲੰਦੀ ਅਤੇ ਸੁਰੀਲਾਪਨ ਸੀ। ਆਪ ਦੀਆਂ ਕੀਰਤਨ ਸੇਵਾਵਾਂ ਨੂੰ ਮੁੱਖ ਰਖਦਿਆਂ ਪੰਜਾਬ ਸਾਰਕਾਰ ਵੱਲੋਂ ਆਪ ਨੂੰ ਸ਼੍ਰੋਮਣੀ ਰਾਗੀ ਅਵਾਰਡ ਦਿੱਤਾ ਗਿਆ ਸੀ। ਆਪ ਦੀਆਂ ਰਿਕਾਰਡਿੰਗਜ਼ ਬੜੇ ਪਿਆਰ ਨਾਲ ਸੁਣੀਆਂ ਜਾਂਦੀਆਂ ਹਨ।

ਇਹਨਾਂ ਤੋਂ ਇਲਾਵਾ ਸੰਤ ਭਾਈ ਬਹਾਦਰ ਸਿੰਘ , ਭਾਈ ਤਖਤ ਸਿੰਘ, ਭਾਈ ਹਰਚੰਦ ਸਿੰਘ,ਭਾਈ ਚਤਰ ਸਿੰਘ ਭਾਈ ਮੁਨਸ਼ਾ ਸਿੰਘ, ਭਾਈ ਗੋਪਾਲ ਸਿੰਘ, ਭਾਈ ਚੰਨਣ ਸਿੰਘ ਮਜਬੂਰ, ਭਾਈ ਦਵਿੰਦਰ ਸਿੰਘ ਗੁਰਦਾਸਪੁਰੀ। ਭਾਈ ਧਰਮ ਸਿੰਘ ਜ਼ਖਮੀ, ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਆਦਿ ਕੀਰਤਨੀਏ ਮਿਆਰੀ ਕੀਰਤਨ ਕਰਕੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਯੋਗਦਾਨ ਪਾਉਂਦੇ ਰਹੇ ਹਨ।

ਹੁਣ ਵੀ ਭਾਈ ਬਲਬੀਰ ਸਿੰਘ, ਪ੍ਰੋ ਕਰਤਾਰ ਸਿੰਘ ਨਿਰਧਾਰਿਤ ਪਰੰਪਰਾ ਅਨੁਸਾਰ ਕੀਰਤਨ ਕਰਕੇ ਗੁਰਮਤਿ ਸੰਗੀਤ ਨੂੰ ਪ੍ਰਫੁਲਤ ਕਰ ਰਹੇ ਹਨ।


ਸਹਾਇਕ ਸਮੱਗਰੀ : 1ਗੁਰ ਪ੍ਰਤਾਪ ਸੂਰਜ ਭਾਈ ਸੰਤੋਖ ਸਿੰਘ ਜੀ

2 ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, ਡਾ ਗੁਰਨਾਮ ਸਿੰਘ

3 ਅੰਮ੍ਰਿਤ ਕੀਰਤਨ(ਸੰਪਾਦਕ ਡਾ ਜਾਗੀਰ ਸਿੰਘ) ਅਕਤੂਬਰ 1993, ਜੁਲਾਈ 1994, ਦਸੰਬਰ 1994



## ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ।ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ।

- ਸੰਪਾਦਕ : 09814053630

# ਸੰਗੀਤ ਦੇ ਇਤਿਹਾਸਕ ਖੇਤਰ ਵਿਚ ਪੰਜਾਬ ਪ੍ਰਦੇਸ਼ ਦਾ ਯੋਗਦਾਨ

**ਕਮਲੇਸ਼ ਇੰਦਰ ਸਿੰਘ**

**"ਗੀਤਮ ਵਾਦਯਂ ਤਥਾ ਨ੍ਰਿਤਯਂ ਤ੍ਰਯਂ ਸੰਗੀਤ ਮੁਚੱਯਤੇ" –**

(ਸੰਗੀਤ-ਰਤਨਾਕਰ) ਸਾਰੰਗਦੇਵ

ਭਾਵ ਅਰਥ ਗਾਇਨ, ਵਾਦਨ ਅਤੇ ਨ੍ਰਿਤ ਸੰਗੀਤ ਦੀਆਂ ਇਹਨਾਂ ਤਿੰਨੋਂ ਹੀ ਵਿਧਾਵਾਂ ਦੇ ਯੋਗ ਦੁਆਰਾ ਸੰਗੀਤ ਬਣਦਾ ਹੈ। ਤਾਲ ਅਤੇ ਲੈਅ ਸੰਗੀਤ ਨੂੰ ਗਤੀ ਪ੍ਰਦਾਨ ਕਰਦੇ ਹਨ, ਬਹੁਤ ਹੀ ਸੁੰਦਰ ਮਿਸਾਲ ਹੈ, ਅਗਰ ਇਹ ਮੰਨ ਲਿਆ ਜਾਏ ਕਿ (ਗਾਇਨ ਵਾਦਨ ਅਤੇ ਨ੍ਰਿਤ) ਸੰਗੀਤ ਦੀਆਂ ਇਹ ਤਿੰਨੋਂ ਹੀ ਵਿਧਾਵਾਂ ਇਕ ਸਰੀਰ ਰੂਪ ਹਨ ਤਾਂ ਤਾਲ ਅਤੇ ਲੈਅ ਇਸ ਸਰੀਰ ਰੂਪੀ ਸੰਗੀਤ ਦਾ ਕਾਰਜ ਕਰਦੇ ਹਨ। ਜਿਸ ਤਰ੍ਹਾਂ ਧਰਤੀ ਮਾਤਾ ਸਾਰੇ ਸੰਸਾਰ ਦਾ ਭਾਰ ਆਪਣੇ ਉੱਪਰ ਧਾਰਨ ਕਰਦੀ ਹੈ, ਉਸੇ ਤਰ੍ਹਾਂ ਤਾਲ ਵਾਦਯ (ਅਵਨੱਧ ਵਾਦਯ) ਤਬਲਾ, ਪਖਾਬਜ਼, ਢੋਲਕ ਆਦਿ ਗਾਯਨ ਵਾਦਨ ਅਤੇ ਨ੍ਰਿਤ ਨੂੰ ਆਪਣੇ ਉੱਪਰ ਧਾਰਨ ਕਰਕੇ, ਤਾਲ ਅਤੇ ਲੈਅ ਦੇ ਕ੍ਰਮ ਦੁਆਰਾ ਗਾਇਨ ਵਾਦਨ ਅਤੇ ਨ੍ਰਿਤ ਨੂੰ ਸੰਗੀਤਕ ਲੈਅ ਖੰਡਾਂ ਦਾ ਮਾਰਗ ਦਰਸਾਉਂਦੇ ਹੋਏ ਸ਼ੋਭਿਤ ਕਰਦੇ ਹਨ।

ਸੰਗੀਤ ਦੀ ਉਤਪਤੀ : ਇਸ ਸੰਬੰਧੀ ਵਿਦਵਾਨਾਂ ਨੇ ਗ੍ਰੰਥਾਂ ਅੰਦਰ ਆਪਣੇ ਆਪਣੇ ਮੱਤ ਪ੍ਰਸਤੁਤ ਕੀਤੇ ਹਨ। ਕੁਝ ਕੁ ਵਿਦਵਾਨਾਂ ਦਾ ਮਤ ਹੈ ਕਿ ਸੰਗੀਤ ਦੀ ਉਤਪੱਤੀ ਵੇਦਾਂ ਤੋਂ ਹੋਈ ਹੈ ਅਤੇ ਬ੍ਰਹਮਾਂ ਜੀ ਸੰਗੀਤ ਵਿੱਦਿਆ ਦੇ ਜਨਮ ਦਾਤਾ ਹਨ। ਕੁਝ ਲੋਕ ਮੰਨਦੇ ਹਨ ਕਿ ਹਜ਼ਰਤ ਮੂਸਾ ਸੰਗੀਤ ਵਿੱਦਿਆ ਦੇ ਜਨਮ ਦਾਤਾ ਹਨ। ਕੁਝ ਵਿਦਵਾਨਾਂ ਨੇ ਇਸ ਮਤ ਦਾ ਉਲੇਖ ਕੀਤਾ ਹੈ ਕਿ ਸੰਗੀਤ ਵਿੱਦਿਆ ਦੀ ਉਤਪਤੀ ਦਾ ਸੰਬੰਧ ਪਸ਼ੂਪੰਛੀਆਂ ਦੀਆਂ ਅਵਾਜ਼ਾਂ ਨਾਲ ਹੈ। ਇਸੇ ਪ੍ਰਕਾਰ ਕੁਝ ਵਿਦਵਾਨਾਂ ਦਾ ਮਤ ਹੈ ਓਮ ਸ਼ਬਦ ਤੋਂ ਸੰਗੀਤ ਦੀ ਉਤਪਤੀ ਹੋਈ ਹੈ। ਇਹ ਤਿੰਨ ਅੱਖਰ ਅ+ੳ+ਮ ਅਰਥਾਤ ਅਕਾਰ+ੳਕਾਰ+ਮਕਾਰ ਦਾ ਯੋਗ ਭਾਵ ਬ੍ਰਹਮਾ+ਵਿਸ਼ਨੂੰ+ਮਹੇਸ਼ ਸ਼ਕਤੀਆਂ ਦੇ ਮੁੱਖ ਪੁੰਜ ਮੰਨੇ ਗਏ ਹਨ, ਗ੍ਰੰਥਾਂ ਵਿਚ ਵਰਨਣ ਮਿਲਦਾ ਹੈ

ਅਕਾਰੋ ਵਿਸ਼ਨੂੰ ਰੁਦ੍ਰਿਸ਼ਟ ੳਰਾਸਤੂਅਤੇ ਮਹੇਸ਼ਵਰ॥ ਮਕਾਰੇਨੋਚਯਤੇ ਬ੍ਰਹਮਾ ਪ੍ਰਾਣਾਵੇਨ ਮਧੋ ਮਤ॥

ਭਾਵ ਕਿ (ਓਮ) ਸ਼ਬਦ ਨੂੰ ਵੇਦਾਂ ਦਾ ਬੀਜ ਮੰਤਰ ਮੰਨਿਆ ਗਿਆ ਹੈ। ਇਹ ਮੰਨਿਆ ਜਾਂਦਾ ਹੈ ਕਿ ਇਸੇ 'ਓਮ' ਸ਼ਬਦ ਦੇ ਦੁਆਰਾ ਸੰਸਾਰ ਦੀ ਉਤਪਤੀ ਹੋਈ ਹੈ ਅਤੇ ਇਸੇ ਹੀ "ਓਮ " ਸ਼ਬਦ ਤੋਂ ਨਾਦ ਦੀ ਉਤਪਤੀ ਮੰਨੀ ਗਈ ਹੈ। ਫਿਰ 'ਨਾਦ' ਤੋਂ 'ਸਵਰ' ਦੀ ਉਤਪਤੀ ਹੋਈ ਅਤੇ ਅੰਤ ਵਿਚ ਇਸੇ 'ਸਵਰ' ਦੇ ਦੁਆਰਾ ਹੀ ਸੰਗੀਤ ਕਲਾ ਦਾ ਵਿਕਾਸ ਹੋਇਆ ਹੈ। ਪੰਜਾਬ ਦਾ ਇਤਿਹਾਸਕ ਪੱਖ : ਪੰਜਾਬ ਦੀ ਧਰਤੀ ਗੁਰੂਆਂ, ਪੀਰਾਂ ਪੈਗੰਬਰਾਂ ਅਤੇ ਮਹਾਨ ਦੇਸ਼ ਭਗਤਾਂ ਦੀ ਧਰਤੀ ਹੈ। ਗ੍ਰੰਥਾਂ ਦਾ ਅਵਲੋਕਨ ਕਰਨ ਤੋਂ ਪਤਾ ਚਲਦਾ ਹੈ ਕਿ ਮਹਾਰਿਸ਼ੀ ਪਾਣਿਨੀ ਨੇ ਸੰਸਕ੍ਰਿਤ ਵਿਆਕਰਣ ਭਾਸ਼ਾ ਨੂੰ ਪਹਿਲੀ ਦਫਾ ਪੰਜਾਬ ਦੀ ਇਸੇ ਪਾਵਨ ਧਰਤੀ ਤੇ ਸੂਤਰਬੱਧ ਕੀਤਾ ਸੀ। ਪ੍ਰਾਚੀਨਤਮ ਗ੍ਰੰਥ ਰਿਗਵੇਦ ਦੀ ਰਚਨਾ ਵੀ ਪੰਜਾਬ ਦੀ ਪਾਵਨ ਧਰਤੀ ਤੇ ਹੀ ਕੀਤੀ ਗਈ ਸੀ ਅਤੇ ਸਾਮਵੇਦ ਦੀਆਂ ਰਿਚਾਵਾਂ ਦੀਆਂ ਸਵਰ ਲਹਰੀਆਂ ਵੀ ਪੰਜਾਬ ਦੀ ਧਰਤੀ ਉੱਤੇ ਗੁੰਜਿਤ ਹੋਈਆਂ ਸਨ। ਇਤਿਹਾਸ ਨੂੰ ਵਿਚਾਰਨ 'ਤੇ ਪਤਾ ਚਲਦਾ ਹੈ ਕਿ 'ਮਹਾਂਭਾਰਤ ਦੀ ਰਚਨਾ' ਵੀ ਪੁਰਾਤਨ ਪੰਜਾਬ ਦੇ 'ਕੁਰੂਕਸ਼ੇਤਰ' ਸਥਾਨ ਤੇ ਕੀਤੀ ਗਈ। ਪ੍ਰਾਚੀਨ ਸਭਿਅਤਾ ਸਿੰਧੂਘਾਟੀ ਅਤੇ ਹੜੱਪਾ ਦਾ ਸੰਬੰਧ ਵੀ ਪੰਜਾਬ ਨਾਲ ਹੀ ਜੋੜਿਆ ਜਾਂਦਾ ਹੈ ਅਤੇ ਖੁਦਾਈ ਦੇ ਦੌਰਾਨ ਮਿਲਿਆ ਅਤਿ ਪ੍ਰਾਚੀਨ ਮੂਰਤੀਆਂ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸੰਗੀਤ ਕਲਾ ਅਤੇ ਨ੍ਰਿਤ ਕਲਾ ਦਾ ਮਾਨਵ ਦੇ ਨਾਲ ਸੰਬੰਧ ਪ੍ਰਾਚੀਨ ਕਾਲ ਵਿਚ ਵੀ ਮੌਜੂਦ ਸੀ।

ਪੰਜਾਬ ਦੀ ਇਸੇ ਪਵਿੱਤਰ ਧਰਤੀ 'ਤੇ ਅੱਜ ਤੋਂ ਲਗਭਗ 400 ਸਾਲ ਪਹਿਲਾਂ ਸ੍ਰੀ ਗੁਰੂਗ੍ਰੰਥ ਸਾਹਿਬ ਦਾ ਸੰਪਾਦਨ ਪੰਜਵੇਂ ਗੁਰੂਸ੍ਰੀ ਗੁਰੂਅਰਜਨ ਦੇਵ ਜੀ ਦੇ ਦੁਆਰਾ ਸੰਮਤ 1604 ਈਸਵੀ ਵਿਚ ਗੁਰਬਾਣੀ ਪਦਾਂ ਦੇ 31, ਮੂਲ ਰਾਗਾਂ ਅਤੇ 31 ਮਿਸ਼ਰਤ ਰਾਗਾਂ ਦੇ 62 ਪ੍ਰਕਾਰਾਂ ਅਤੇ 22 ਵਾਰਾਂ ਉਸ ਸਮੇਂ ਦੀਆਂ ਪ੍ਰਚੱਲਤ ਲੋਕ ਧੁਨੀਆਂ

(ਵੰਨਗੀਆਂ) ਦੇ ਆਧਾਰ ਉੱਤੇ ਕੀਤਾ ਗਿਆ ਅਤੇ ਗੁਰੂਸਾਹਿਬਾਂ ਨੇ ਇਹਨਾਂ ਨੂੰ ਗਾਇਨ ਕਰਨ ਦਾ ਨਿਰਦੇਸ਼ ਆਪਣੇ ਸਿੱਖਾਂ ਨੂੰ ਦਿੱਤਾ। ਅਰਥਾਤ ਗੁਰੂਘਰ ਦੀ ਮਰਿਯਾਦਾ ਅਨੂਸਾਰ ਨਿਰਧਾਰਤ ਰਾਗਾਂ ਵਿਚ ਹੀ ਗੁਰਬਾਣੀ ਦਾ ਗਾਇਨ ਕਰਨ ਦੀ ਮਰਯਾਦਾ ਹੈ। ਸਿੱਖ ਧਰਮ ਅੰਦਰ ਕੀਰਤਨ ਦੀ ਇਹ ਪਰੰਪਰਾ ਇਹ ਕਾਰਜ ਅੱਜ ਤਕ ਨਿਰੰਤਰ ਜਾਰੀ ਹੈ। ਡਾ. ਗੁਰਨਾਮ ਸਿੰਘ ਜੀ ਅਨੁਸਾਰ ਸਿੱਖ ਧਰਮ ਦੇ ਬਾਣੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਦੇ ਰਬਾਬ ਦੇ ਰੂਹਾਨੀ ਸੰਗੀਤ ਵਿਚ ਸ਼ਬਦ ਅਤੇ ਕੀਰਤਨ ਦਾ ਜੋ ਅਨੂਠਾ ਸੁਮੇਲ ਕੀਤਾ ਉਹ ਹੀ ਗੁਰ ਸ਼ਬਦ ਕੀਰਤਨ ਅਖਵਾਇਆ। ਗੁਰ ਸ਼ਬਦ ਕੀਰਤਨ ਦੀ ਇਹ ਸਮੁੱਚੀ ਪਰੰਪਰਾ ਗੁਰਮਤ ਸੰਗੀਤ ਦੇ ਰੂਪ ਵਿਚ ਵਿਕਸਤ ਹੋਈ ਜੋ ਭਾਰਤੀ ਅਤੇ ਵਿਸ਼ਵ ਸੰਗੀਤ ਵਿਚ ਗੁਰਮਤਿ ਸੰਗੀਤ ਦੀ ਮੌਲਿਕ ਅਤੇ ਨਿਵੇਕਲੀ ਪੱਧਤੀ ਵਜੋਂ ਉਜਾਗਰ ਹੈ, ਭਾਵ ਅਰਥ ਕਿ ਗੁਰਬਾਣੀ ਸੰਗੀਤ ਗੁਰੂਸਾਹਿਬਾਨਾਂ ਦੇ ਦੁਆਰਾ ਦਿੱਤੀ ਭਾਰਤੀ ਅਤੇ ਵਿਸ਼ਵ ਸੰਗੀਤ ਨੂੰ ਇਕ ਨਿਵੇਕਲੀ ਦੇਣ ਹੈ।"

ਗੁਰਬਾਣੀ ਅੰਦਰ ਕੀਰਤਨ ਅਤੇ ਰਾਗ ਦੇ ਮਹੱਤਵ ਸੰਬੰਧੀ ਗੁਰੂਸਾਹਿਬਾਨ ਦੇ ਪਾਵਨ ਬਚਨ ਹਨ।

1. ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥
2. ਸਭਨਾ ਰਾਗਾਂ ਵਿਚਿ ਸੋ ਭਲੀ ਜਿਤੁ ਵਸਿਆ ਮਨਿ ਆਇ
3. ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥
4. ਜੋ ਜਨ ਕਰੈ ਕੀਰਤਨੁ ਗੋਪਾਲ॥ ਤਿਸੁ ਕਉ ਪੋਹਿ ਨ ਸਕੈ ਜਮਕਾਲੁ

ਪੰਜਾਬ ਦੀ ਪਵਿੱਤਰ ਧਰਤੀ ਉੱਤੇ ਸੂਫੀ ਸੰਤਾਂ ਜਿਵੇਂ ਕਿ ਬਾਬਾ ਬੁਲ੍ਹੇ ਸ਼ਾਹ, ਸ਼ਾਹ ਹੁਸੈਨ, ਬਾਬਾ ਫਰੀਦ, ਵਾਰਿਸ਼ ਸ਼ਾਹ, ਹੁਸੈਨ ਆਦਿ ਅਤੇ ਹੋਰ ਅਨੇਕਾਂ ਸੂਫੀ ਮੱਤ ਦੇ ਧਾਰਨੀ ਸੰਤਾਂ ਮਹਾਂਪੁਰਖਾਂ ਨੇ ਆਪਣੀਆਂ ਲੈਅ ਬੱਧ ਸੂਫੀ ਰਚਨਾਵਾਂ ਦੇ ਦੁਆਰਾ ਪ੍ਰਭੂਪ੍ਰੇਮ ਦਾ ਸੰਦੇਸ਼ ਭਾਰਤ ਦੇ ਲੋਕਾਂ ਨੂੰ ਦਿੱਤਾ। ਇਸ ਦੇ ਨਾਲ ਇਹ ਭੀ ਸੱਚ ਹੈ ਕਿ ਪੰਜਾਬ ਭਾਰਤ ਦਾ ਸੀਮਾ ਪ੍ਰਾਂਤ ਹੋਣ ਦੇ ਕਾਰਨ ਵਿਦੇਸ਼ੀ ਹਮਲਾਵਰਾਂ ਦਾ ਸ਼ਿਕਾਰ ਹੁੰਦਾ ਰਿਹਾ ਹੈ ਜਿਤਨੇ ਵੀ ਆਕਰਮਣਕਾਰੀ ਹਮਲਾਵਰ ਭਾਰਤ ਦੇ ਹਮਲਾ ਕਰਨ ਦੀ ਇੱਛਾ ਦੇ ਨਾਲ ਆਏ ਪੰਜਾਬ ਦੇ ਮਾਰਗ ਦੁਆਰਾ ਤੋਂ ਹੋ ਕੇ ਹੀ ਅੱਗੇ ਵਧਨ ਦੀ ਕੋਸ਼ਿਸ਼ ਕਰਦੇ ਰਹੇ। ਇਤਿਹਾਸਕਾਰਾਂ ਨੇ ਪੰਜਾਬ ਪ੍ਰਾਂਤ ਨੂੰ ਭਾਰਤ ਦੇਸ਼ ਦਾ ਮੁਕਟਮਣੀ ਕਹਿ ਕੇ ਵੀ ਸੰਬੋਧਿਤ ਕੀਤਾ ਹੈ। ਕਈ ਸਾਲਾਂ ਤੱਕ ਦਾ ਸਮਾਂ ਪੱਛਮ ਦਿਸ਼ਾ ਦੀ ਤਰਫੋਂ ਹਮਲਾ ਕਰਨ ਵਾਲੇ ਹੁਕਮਰਾਨਾਂ ਦੀ ਤਰਫੋਂ ਟੱਕਰ ਲੈਣ ਅਤੇ ਇਕ ਢਾਲ ਦੇ ਵਾਂਗੂਰਾਸ਼ਟਰ ਹਿਤਾਂ ਦੀ ਰੱਖਿਆ ਹੇਤੂਪੰਜਾਬ ਪ੍ਰਦੇਸ਼ ਰਾਸ਼ਟਰ ਦੀ "ਖੜਗ ਭੁਜਾ" ਦੇ ਰੂਪ ਵਿਚ ਭੂਮਿਕਾ ਨਿਭਾਉਂਦਾ ਆ ਰਿਹਾ ਹੈ।

ਪੰਜਾਬ ਦਾ ਪ੍ਰਾਚੀਨ ਨਾਮ ਬ੍ਰਹਮਬ੍ਰਤ ਸੀ। ਬੁੱਧੀਜੀਵੀਆਂ ਦਾ ਮੱਤ ਹੈ ਕਿ ਪੰਜਾਬ ਦਾ ਪ੍ਰਾਚੀਨ ਨਾਮ ਬ੍ਰਹਮਬ੍ਰਤ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਸਭ ਤੋਂ ਪਹਿਲਾਂ ਬ੍ਰਹਮਾਂ ਜੀ ਦੁਆਰਾ ਇਸੇ ਪੰਜਾਬ ਦੀ ਧਰਤੀ ਦਾ ਨਿਰਮਾਣ ਕੀਤਾ ਗਿਆ ਹੋਵੇਗਾ। ਪ੍ਰਾਚੀਨ ਕਾਲ ਵਿਚ ਪੰਜਾਬ ਨੂੰ ਪੰਚਾਲ ਦੇਸ਼ ਵੀ ਕਿਹਾ ਜਾਂਦਾ ਸੀ ਅਤੇ ਪੰਜਾਬ ਨੂੰ ਸਪਤਸਿੰਧੂ ਦੇ ਨਾਮ ਤੋਂ ਵੀ ਜਾਣਿਆ ਜਾਂਦਾ ਸੀ ਭਾਵ ਕਿ ਪੰਜਾਬ ਸੱਤ ਨਦੀਆਂ ਦੇ ਜਲ ਤੋਂ ਸਿੰਚਿਤ ਸੀ, ਗ੍ਰੰਥਾਂ ਵਿਚ ਇਹਨਾਂ ਸੱਤ ਨਦੀਆਂ ਦੇ ਨਾਮ ਇਸ ਪ੍ਰਕਾਰ ਹਨ।1) ਸ਼ਤਦ੍ਰੂ: ਸਤਲੁਜ, 2) ਪਰੁਣੀ : ਰਾਵੀ, 3) ਅਮਿਕਣੀ : ਚਨਾਬ, 4) ਮਰੂਧਵ੍ਰਧਾ ਭਾਵ ਸਰਬੂਨਦੀ, ਸਰਸਵਤੀ, 5) ਵਿਸਤਤਾ : ਜੇਹਲਮ, 6) ਆਰਜੀਕਿਸ: ਬਿਆਸ, 7) ਸੁਸ਼ੋਭ : ਸੁਹਾਣਾ। ਇਹਨਾਂ ਸੱਤ ਨਦੀਆਂ ਵਿਚੋਂ ਜਿਹਨਾਂ ਪੰਜ ਨਦੀਆਂ ਦੇ ਅਧਾਰ 'ਤੇ ਪੰਜਾਬ ਪ੍ਰਦੇਯ ਦਾ ਨਾਮਕਰਨ ਹੋਇਆ, ਉਹ ਇਸ ਪ੍ਰਕਾਰ ਹਨ।1) ਸਤੁਲਜ, 2) ਵਿਆਸ, 3) ਰਾਵੀ, 4) ਜਿਹਲਮ, 5) ਚਨਾਬ।

ਪੰਜਾਬ ਸ਼ਬਦ ਦਾ ਅਗਰ ਪਦ ਛੇਦ ਕਰੀਏ ਤਾਂ ਪੰਜ+ਆਬ ਭਾਵ ਕਿ ਪੰਜ ਪਾਣੀ। ਇਸ ਪ੍ਰਾਂਤ ਦਾ ਇਹਨਾਂ ਪੰਜ ਨਦੀਆਂ ਦੇ ਜਲ ਨਾਲ ਸਿੰਚਿਤ ਹੋਣ ਕਾਰਨ ਇਸ ਪ੍ਰਦੇਸ਼ ਦਾ ਨਾਮ "ਪੰਜਾਬ" ਪੈ ਗਿਆ। ਇਹ ਇਕ ਠੋਸ ਧਾਰਨਾ ਹੈ।ਪੰਜਾਬ ਦਾ ਪ੍ਰਾਚੀਨ ਨਾਮ ਮਦ੍ਰ ਦੇਸ਼ ਵੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੀ ਇਕ ਸ਼ਬਦ ਰਚਨਾ ਵਿਚ ਲਿਖਿਆ ਹੈ। "ਮਦਰ ਦੇਸ ਹਮ ਕੋ ਲੈ ਆਏ, ਭਾਂਤ ਭਾਂਤ ਦੁਲਰਾਏ।"

ਪੰਜਾਬ ਦੇ ਲੋਕ ਰਿਸ਼ਟ-ਪੁਸ਼ਟ ਅਤੇ ਮਿਹਨਤੀ ਹੋਣ ਦੇ ਨਾਲ ਨਾਲ ਰਹਿਣ ਸਹਿਣ ਅਤੇ ਮਹਿਮਾਣ ਨਿਵਾਜ਼ੀ ਵਿਚ ਵੀ ਕੋਈ ਕਸਰ ਨਹੀਂ ਛੱਡਦੇ। ਪੰਜਾਬ ਦਾ ਮਿਹਨਤੀ ਕਿਸਾਨ ਖੇਤਾਂ ਵਿਚ ਅੰਨ ਪੈਦਾ ਕਰਦਾ ਹੈ ਅਤੇ ਦੇਸ਼ ਭਾਰਤ ਦੀ ਅਨਾਜ ਪੈਦਾਵਾਰ ਦਾ ਬਹੁਤ ਵੱਡਾ ਹਿੱਸਾ ਪੰਜਾਬ ਵਿਚ ਪੈਦਾ ਹੁੰਦਾ ਹੈ। ਪੰਜਾਬ ਨੂੰ "ਸੋਨੇ ਦੀ ਚਿੜੀਆ" ਵੀ ਕਿਹਾ ਜਾਂਦਾ ਰਿਹਾ ਹੈ। ਏਥੋਂ ਦੇ ਲੋਕ ਕੋਮਲ ਹਿਰਦੇ ਭਾਵਾਂ ਨਾਲ ਲੋਕ ਗੀਤਾਂ, ਲੋਕ ਨ੍ਰਿਤਾਂ, ਲੋਕ

ਸਾਜ਼ਾਂ ਦੇ ਵਾਦਨ ਵਿਚ ਵਿਸ਼ੇਸ਼ ਰੁਚੀ ਰੱਖਦੇ ਹਨ ਅਤੇ ਇਹੋ ਕੋਮਲ ਹਿਰਦੇ ਭਾਵ ਇਹਨਾਂ ਦੇ ਲੋਕ ਗੀਤਾਂ ਦੀਆਂ ਰਚਨਾਵਾਂ ਅਤੇ ਲੋਕ ਨ੍ਰਿਤਾਂ ਵਿਚ ਵੀ ਪ੍ਰਗਟ ਹੁੰਦੇ ਹਨ। ਸ਼ਾਸਤਰੀ ਗਾਇਨ ਵਿਚ ਪੰਜਾਬ ਦਾ'ਪਟਿਆਲਾ ਘਰਾਣਾ' ਪੰਜਾਬ ਦਾ ਟੱਪਾ ਗਾਇਨ, ਸਿੰਧੀ ਭੈਰਵੀ ਠੁਮਰੀ ਅਤੇ ਤਬਲਾ-ਵਾਦਨ ਦੇ ਖੇਤਰ ਵਿਚ ਪੰਜਾਬ ਘਰਾਣੇ (ਤਬਲਾ ਵਾਦਨ) ਦਾ ਭਾਰਤੀ ਅਤੇ ਵਿਸ਼ਵ ਸੰਗੀਤ ਵਿਚ ਆਦਰਪੂਰਵਕ ਸਥਾਨ ਹੈ। ਪੰਜਾਬ ਖੇਤਰ ਦੇ ਗਾਇਕਾਂ, ਤਬਲਾ ਵਾਦਕਾਂ ਅਤੇ ਨਾਇਕਾਂ ਦਾ ਭਾਰਤੀ ਸੰਗੀਤ ਜਗਤ ਅਤੇ ਫਿਲਮ ਜਗਤ ਵਿਚ ਸ਼ੁਰੂ ਤੋਂ ਹੀ ਅਹਿਮ ਯੋਗਦਾਨ ਰਿਹਾ ਹੈ। ਸ਼ਾਸਤੀਯ ਅਵਨੱਧ ਵਾਦਯ ਤਬਲਾ ਵਾਦਨ ਦੇ ਖੇਤਰ ਵਿਚ ਜਿੱਥੋਂ'ਪੰਜਾਬ ਘਰਾਣੇ' ਦੇ ਤਬਲਾ ਅਤੇ ਪਖਾਵਜ਼ ਵਾਦਕਾਂ ਨੇ ਤਬਲਾ ਵਾਦਨ ਦੇ ਪੰਜਾਬ ਘਰਾਣੇ ਦਾ ਨਾਮ ਕੇਵਲ ਭਾਰਤ ਵਿਚ ਹੀ ਨਹੀਂ ਸਗੋਂ ਵਿਸ਼ਵ ਪੱਧਰ ਤਕ ਪ੍ਰਸਿੱਧ ਕੀਤਾ ਹੈ। ਉਸਤਾਦ ਅੱਲਾ ਰੱਖਾ ਅਤੇ ਉਸਤਦਾ ਜਾਕਿਰ ਹੁਸੈਨ, ਯੋਗ ਸ਼ਮਸੀ, ਉਸਤਾਦ ਤਾਰੀ ਖਾਨ, ਸ਼ੌਕਤ ਹੁਸੈਨ ਖਾਨ, ਪੰਜਾਬ ਘਰਾਣੇ ਦੇ ਹੀ ਤਬਲਾ ਵਾਦਨ ਨਾਲ ਸੰਬੰਧ ਰੱਖਦੇ ਹਨ। ਜਿੱਥੇ ਕਿ ਇਸ ਖੇਤਰ ਦੇ ਲੋਕਾਂ ਨੇ ਸ਼ਾਸਤਰੀ ਅਵਨੱਧ ਵਾਦਯਾਂ ਅਤੇ ਸ਼ਾਸਤਰੀ ਗਾਇਨ ਵਿਚ ਪ੍ਰਸਿੱਧੀ ਪ੍ਰਾਪਤ ਕੀਤੀ ਹੈ  ਉਥੇ ਐਥੋਂ ਦੇ ਲੋਕਾਂ ਨੇ ਅਵਨੱਧ ਵਾਦਯਾਂ ਜਿਵੇਂ ਕਿ ਢੋਲ, ਢੌਲਕ, ਢੱਡ, ਨਗਾੜਾ,, ਬੁਗਧੂ, ਸਾਰੰਗੀ, ਤੂੰਬੀ, ਅਲਗੋਜ਼ੇ, ਚਿਮਟਾ, ਖੰਜਰੀ ਆਦਿ ਸਾਜ਼ਾਂ, ਪੰਜਾਬੀ ਗਾਇਕੀ ਵਿਚ ਸਭਿਆਚਾਰਕ ਰੰਗ, ਲੋਕ ਨ੍ਰਿਤਾਂ, ਗਿੱਧਾ, ਭੰਗੜਾ ਸੰਮੀ ਅਤੇ ਮਲਵੀ ਗਿੱਧਾ ਆਦਿਕ ਹੋਰ ਕਲਾਵਾਂ ਵਿਚ ਆਪਣੀ ਕਲਾ ਦੇ ਜੌਹਰ ਵਿਖਾ ਕੇ ਭਾਰਤ ਅਤੇ ਵਿਸ਼ਵ ਦੇ ਲੋਕਾਂ ਨੂੰ ਮੰਤਰ ਮੁਗਧ ਕੀਤਾ ਹੈ। ਖਾਸ ਕਰ ਲੋਕ ਅਵਨੱਧ ਅਤੇ ਲੋਕ ਸਾਜ਼ਾਂ ਦੀ ਵਾਦਨ ਸ਼ੈਲੀ ਜੋ ਕਿ ਪੰਜਾਬ ਖੇਤਰ ਨਾਲ ਸੰਬੰਧਤ ਹੈ ਅਤੇ ਪੰਜਾਬ ਖੇਤਰ ਦੀ ਉਪਜ ਕੁਲ ਖਾਸ ਤਾਲਾਂ ਜਿਵੇਂ ਕਿ ਪੰਜਾਬੀ ਠੇਕਾ, ਲਾਹੌਰੀ ਠੇਕਾ, ਪੰਜਾਬੀ ਧਮਾਰ ਢਈਆਂ, ਤਿਨੰਤਾਰ ਦਾਪੰਜਾਬੀ ਸਵਰੂਪ, ਪਾਉੜੀ ਠੇਕਾ, ਮਿਰਜ਼ਾ ਤਾਲ, ਤਿੰਨਤਾਲ ਦੀ ਝੂਮਰ ਜੋ ਢੋਲ 'ਤੇ ਵਜਾਈ ਜਾਂਦੀ ਹੈ, ਧਮਾਲ ਆਦਿ ਪੰਜਾਬੀ ਖੇਤਰ ਦੀ ਨਿਵੇਕਲੀ ਭਾਰਤੀ ਸੰਗੀਤ ਅੰਦਰ ਨੂੰ ਦੇਣ ਹਨ, ਇਸ ਵਿਸ਼ੇ 'ਤ ਖੋਜ ਕਰਨ ਦੀ ਜ਼ਰੂਰਤ ਹੈ। ਇਹਨਾਂ ਲੋਕ ਵਾਦਨਾਂ ਦੇ ਵਾਦਨ ਵਿਚ ਪੰਜਾਬ ਅੰਤਰ ਸਿਧ ਹਸਥ ਕਲਾਕਾਰ ਹਨ। ਪੰਜਾਬ ਦੇ ਵਿਸ਼ੇਸ਼ ਤਿਉਹਾਰਾਂ ਵਿਸ਼ੇਸ਼ ਪਰਬਾਂ, ਮੇਲੇ, ਅਖਾੜੇ ਅਤੇ ਧਾਰਮਿਕ ਰੀਤੀ ਰਿਵਾਜ਼ਾਂ ਦੀਆਂ ਰਸਮਾਂ-ਰੀਤੀਆਂ, ਸੰਸਕਾਰ ਰਸਮਾਂ ਅਤੇ ਹੋਰ ਖੁਸ਼ੀ ਗਮੀ ਦੀਆਂ ਸੂਚਕ ਧੁਨੀਆਂ ਵਜੋਂ ਅਤੇ ਹੋਰ ਅਨੇਕਾਂ ਅਵਸਰਾਂ 'ਤੇ ਇਹਨਾਂ ਲੋਕ ਸਾਜ਼ਾਂ ਦੇ ਵਾਦਕ ਕਲਾਕਾਰਾਂ ਦੀ ਵਿਸ਼ੇਸ਼ ਭੂਮਿਕਾ ਰਹਿੰਦੀ ਹੈ। ਮੇਰੇ ਵਿਚਾਰ ਅਨੁਸਾਰ ਜਿਵੇਂ ਕਿ ਪੰਜਾਬ ਦੇ ਸ਼ਾਸਤਰੀ ਗਾਇਕਾਂ ਜਾਂ ਤਬਲਾ ਵਾਦਕਾਂ ਨੂੰ ਭਾਰਤ ਸਰਕਾਰ ਦੀ ਤਰਫੋਂ ਜਾਂ ਸੂਬਾ ਸਰਕਾਰ ਦੀ ਤਰਫੋਂ ਸਮੇਂ ਸਮੇਂ 'ਤੇ ਸਨਮਾਨਤ ਕੀਤਾ ਜਾਂਦਾ ਹੈ। ਉਥੇ ਇਹਨਾਂ ਸਾਧਾਰਨ ਲੋਕ ਸਾਜ ਵਾਦਕਾਂ ਗਾਇਕ ਕਲਾਕਾਰਾਂ ਦਾ ਵੀ ਸਨਮਾਨ ਹੋਣਾ ਲਾਜ਼ਮੀ ਹੈ ਅਤੇ ਇਹਨਾਂ ਲੋਕਾਂ ਦੇ ਜੀਵਨ ਪਹਿਚਯ ਵੀ ਵਿਦਿਆਲਿਆਂ, ਸਕੂਲਾਂ ਵਿਚ ਸੰਗੀਤ, ਵਿਸ਼ੇ ਨਾਲ ਸੰਬੰਧਤ ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਪੜ੍ਹਾ ਕੇ ਅਤੇ ਪਾਠਕ੍ਰਮ ਵਿਚ ਸ਼ਾਮਲ ਕਰਕੇ ਜਾਗ੍ਰਿਤ ਕੀਤਾ ਜਾ ਸਕਦਾ ਹੈ ਕਿਉਂਕਿ ਹਰ ਵਿਸ਼ਾ ਹਰ ਕਲਾ ਆਪਣੇ ਆਪ ਵਿਚ ਮਹਾਨ ਹੈ। ਅੱਜ ਪੰਜਾਬੀ ਢੋਲ, ਪੰਜਾਬੀ ਲੋਕ ਗਾਇਕੀ ਦਾ ਬਾਲੀਵੁੱਡ ਖੇਤਰ ਵਿਚ ਜੇਕਰ ਪੰਜਾਬੀ ਸਭਿਆਚਾਰ ਤੜਕਾ ਨਾ ਹੋਵੇ ਤਾਂ ਗਾਣਾ ਅਤੇ ਫਿਲਮੀ ਸੰਗੀਤ ਹਿੱਟ ਨਹੀਂ ਹੁੰਦਾ ਕਿਉਂਕਿ ਪੰਜਾਬੀਆਂ ਦੀ ਇਕ ਵੱਖਰੀ ਪਹਿਚਾਣ ਹੈ।

ਤੰਤੀ ਸਾਜ਼ਾਂ ਜਿਵੇਂ ਕਿ ਤਾਉਸ, ਦਿਲਰੁਬਾ, ਸਾਰੰਦਾ, ਰਵਾਬ, ਤਾਰ ਸ਼ਹਿਨਾਈ, ਤੂੰਬੀ, ਆਦਿਕ ਸਾਜ ਵਿਸ਼ੇਸ਼ ਕਰ ਪੰਜਾਬ ਵਿਚ ਹੀ ਵਜਾਏ ਜਾਂਦੇ ਹਨ, ਪੰਜਾਬੀ ਯੂਨੀ, ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਦੇ ਉਪਰਾਲੇ ਸਦਕਾ ਤੇਤੀ ਸਾਜ਼ਾਂ ਦੇ ਮਹੱਤਵ ਤੇ ਪਹਿਰਾ ਦਿੰਦਿਆਂ ਗੁਰਮਤਿ ਸੰਗੀਤ ਗੁਰਬਾਣੀ ਕੀਰਤਨ ਅਤੇ ਇਹਨਾਂ ਤੰਤੀ ਵਾਦਯਾ ਦੀ ਸੰਗੀਤ (Accomniment) ਨੂੰ ਲਾਜ਼ਮੀ ਬਣਾਇਆ ਜਾ ਰਿਹਾ ਹੈ। ਜੋ ਕਿ ਇਕ ਸ਼ਲਾਘਾਯੋਗ ਕਦਮ ਹੈ ਅਤੇ ਵਿਦਿਆਰਥੀਆਂ ਨੂੰ ਇਹਨਾਂ ਤੰਤੀ ਸਾਜ਼ਾਂ ਨੂੰ ਵਿਸ਼ੇ ਵਜੋਂ ਵੀ ਪੜ੍ਹਾਇਆ ਜਾ ਰਿਹਾ ਹੈ। ਪੰਜਾਬੀ ਯੂਨੀ. ਪਟਿਆਲਾ ਦੇਸ਼ ਦੀ ਪਹਿਲੀ ਧੁਨੀ ਹੈ ਜਿੱਥੇ ਪੰਜਾਬ ਦੇ ਅਮੀਰ ਸੰਗੀਤ ਵਿਰਸੇ "ਗੁਰਮਤਿ ਸੰਗੀਤ" ਨੂੰ'ਗੁਰਮਤਿ ਸੰਗੀਤ ਚੇਅਰ' ਵਜੋਂ ਸਥਾਪਤ ਕਰਕੇ ਡਾ. ਗੁਰਨਾਮ ਸਿੰਘ ਜੀ ਨੇ ਸ਼ਲਾਘਾਯੋਗ ਕਾਰਜ ਕਰਨ ਦਾ ਯਤਨ ਕੀਤਾ ਹੈ। ਇਹਨਾਂ ਤੰਤੀ ਸਾਜ਼ਾਂ ਵਿਚੋਂ ਕੁਝ ਸਾਜ਼ਾਂ ਦੇ ਅਵਿਸ਼ਕਾਰ ਦਾ ਸੰਬੰਧ ਵੀ ਪੰਜਾਬ ਪ੍ਰਦੇਸ਼ ਨਾਲ ਹੀ ਰਿਹਾ ਹੈ। ਵਿਦਵਾਨਾਂ ਦਾ ਮਤ ਹੈ ਕਿ ਵਚਿਤਰ ਵੀਣਾ ਦਾ ਅਵਿਸ਼ਕਾਰ ਭੀ ਪੰਜਾਬ ਦੇ ਖੇਤਰ ਅੰਦਰ ਹੀ ਹੋਇਆ ਹੈ। ਡਾ. ਗੀਤਾ ਪੈਂਤਲ ਆਪਣੀ ਪ੍ਰਸਿੱਧ ਪੁਸਤਕ'ਪੰਜਾਬ ਦੀ ਸੰਗੀਤ ਪਰੰਪਰਾ' ਵਿਚ ਲਿਖਦੇ ਹਨ ਕਿ

ਪੰਜਾਬ ਨੇ ਸਵਰ ਦੇ ਖੇਤਰ ਵਿਚ ਹੀ ਕੇਵਲ ਯੋਗਦਾਨ ਨਹੀਂ ਦਿੱਤਾ, ਤਾਲ ਦੇ ਖੇਤਰ ਵਿਚ ਵੀ ਇਸ ਪ੍ਰਦੇਸ਼ ਨੇ ਅਨੇਕਾਂ ਤਾਲ ਸ਼ਾਸਤਰੀਯ ਸੰਗੀਤ ਨੂੰ ਦਿੱਤੇ ਹਨ।" ਪੰਜਾਬ ਨੇ ਸੰਗੀਤ ਦੇ ਇਤਿਹਾਸਕ ਖੇਤਰ ਵਿਚ ਅੱਧੀ ਦਰਜਨ ਤੋਂ ਵੀ ਵੱਧ ਘਰਾਣੇ ਭਾਰਤੀ ਸ਼ਾਸਤਰੀਯ ਸੰਗੀਤ ਨੂੰ ਦਿੱਤੇ ਹਨ। ਜਿਵੇਂ ਕਿ ਤਲਵੰਡੀ ਘਰਾਣਾ, ਸ਼ਾਮ ਚਰਾਸੀ ਘਰਾਣਾ, ਕਪੂਰਥਲਾ ਘਰਾਣਾ, ਪਟਿਆਲਾ ਘਰਾਣਾ, ਤਬਲਾ ਵਾਦਨ ਦੇ ਘਰਾਣੇ ਜਿਵੇਂ ਕਿ ਲਾਹੌਰ ਘਰਾਣਾ, ਕਸੂਰ ਘਰਾਣਾ, ਨਾਈਆਂ ਦਾ ਘਰਾਣਾ ਆਦਿ ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾਬ ਦਾ ਭੂ-ਭਾਗ ਬਹੁਤ ਵਿਸ਼ਾਲ ਸੀ ਭਾਰਤ ਦੇ ਇਤਿਹਾਸ ਵਿਚ ਬਹੁਤ ਸਾਰੇ ਸੰਗੀਤ ਸੰਬੰਧੀ ਸੰਗੀਤ ਸ਼ਾਸਤਰਾਂ ਸੰਬੰਧੀ ਅਤੇ ਹੋਰ ਅਨੇਕਾਂ ਅਵਿਸ਼ਕਾਰਾਂ ਦਾ ਸੰਬੰਧ ਪੰਜਾਬ ਦੇ ਇਸ ਪੁਰਾਤਨ ਭੂ-ਖੇਤਰ ਨਾਲ ਹੀ ਰਿਹਾ ਹੈ। ਸ੍ਰੀਮਤੀ ਡਾ. ਗੀਤਾ ਪੈਂਤਲ ਅਨੁਸਾਰ (ਪੰਜਾਬੀ ਅਨੁਵਾਦ)- "ਦੇਸ਼ ਦੀ ਵੰਡ ਤੋਂ ਪਹਿਲਾਂ, ਜਿਸ ਵਿਚ ਉੱਤਰੀ ਪੱਛਮੀ ਸੂਬੇ ਦਾ ਅੱਧ ਭਾਗ ਸਿੰਧ ਅਤੇ ਬਲੋਚਸਤਾਨ, ਭਾਰਤੀ ਪੰਜਾਬ ਦਾ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵੀ ਜੋ ਕਿ ਪੁਰਾਤਨ ਪੰਜਾਬ ਵਿਚ ਹੀ ਸ਼ਾਮਲ ਸੀ, ਦੇ ਅੰਤਰਗਤ ਆਉਂਦੇ ਭਾਗ ਸਨ। ਅਰਥਾਤ ਪੰਜਾਬ ਪ੍ਰਦੇਸ਼ ਲਾਹੌਰ ਤੋਂ ਦਿੱਲੀ ਤੱਕ ਫੈਲਿਆ ਹੋਇਆ ਇਕ ਪ੍ਰਾਂਤ ਸੀ। ਜਿਸ ਪੁਰਾਤਨ ਪੰਜਾਬ ਨੇ ਦੇਸ਼ ਨੂੰ ਅਨੇਕਾ ਗਾਇਕ-ਵਾਦਕ ਸ਼ਾਸਤਰੀਯ ਗਾਇਨ ਅਤੇ ਵਾਦਨ ਦੇ ਖੇਤਰ ਵਿਚ ਅਤੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਅਨੇਕਾ ਰਾਗੀ ਅਤੇ ਰਬਾਬੀਆਂ ਅਤੇ ਤਬਲਾ ਜੋੜੀ ਵਾਦਕਾਂ ਨੂੰ ਜਨਮ ਦਿੱਤਾ ਅਤੇ ਇਹਨਾਂ ਗਾਇਕਾਂ ਵਾਦਕਾਂ ਅਤੇ ਰਾਗੀ ਰਬਾਬੀਆਂ ਨੇ ਪੰਜਾਬ ਦਾ ਨਾਮ ਇਤਿਹਾਸਕ ਪੱਖੋਂ ਵੀ ਭਾਰਤ ਵਿਚ ਅਤੇ ਵਿਸ਼ਵ ਪੱਧਰ ਤੱਕ ਪ੍ਰਸਿੱਧ ਕੀਤਾ ਹੈ।"

ਸਾਰ : ਸਾਰੀ ਚਰਚਾ ਦਾ ਨਿਚੋੜ ਇਹ ਨਿਕਲਦਾ ਹੈ ਕਿ ਪੰਜਾਬ ਪ੍ਰਦੇਸ਼ ਦੀ ਇਹ ਪਵਿੱਤਰ ਧਰਤੀ ਸਾਹਿਤ ਸੰਗੀਤ ਅਤੇ ਕਲਾ ਦੇ ਖੇਤਰ ਵਿਚ ਭਾਰਤ ਦੇਸ਼ ਦੇ ਦੂਸਰੇ ਪ੍ਰਾਂਤਾਂ ਦੀ ਤੁਲਨਾਂ ਵਿਚ ਵੱਧ ਪ੍ਰਾਚੀਨ ਹੈ ਇਸ ਦਾ ਮੁੱਖ ਕਾਰਨ ਇਹ ਵੀ ਹੈ ਕਿ ਸਾਡੇ ਪੂਰਵਜ ਆਰਿਆ ਲੋਕਾਂ ਦੀ ਮੁੱਖ ਭੂਮੀ ਪ੍ਰਾਚੀਨ ਪੰਜਾਬ ਦੀ ਇਹ ਪਵਿੱਤਰ ਧਰਤੀ ਹੀ ਸੀ। ਸੋ ਪੰਜਾਬ ਦੀ ਇਸੇ ਪਵਿੱਤਰ ਧਰਤੀ ਉੱਤੇ ਭਾਰਤੀ ਸੰਸਕ੍ਰਿਤੀ ਸਰਵ ਪ੍ਰਥਮ ਵਿਕਸਤ ਅਤੇ ਪੁਸ਼ਪਿਤ ਹੋਈ ਹੈ। ਪੰਜਾਬ ਪ੍ਰਦੇਸ਼ ਭਾਰਤ ਦਾ ਮਹੱਤਵਪੂਰਨ ਅੰਗ ਹੈ। ਇਸ ਦਾ ਮੁੱਖ ਕਾਰਨ ਇਹਵੀ ਹੈ ਪੰਜਾਬ ਦੀ ਧਰਤੀ ਨੇ ਸਾਹਿਤ, ਸਮਾਜਕ, ਸੰਸਕ੍ਰਿਤਕ, ਅਧਿਆਤਮਕ, ਆਰਥਿਕ ਅਤੇ ਸੰਗੀਤ ਕਲਾ ਦੇ ਖੇਤਰ ਵਿਚ ਭਾਰਤ ਦੇਸ਼ ਦੇ ਦੂਜੇ ਰਾਜਾਂ ਦੀ ਤੁਲਨਾ ਪੱਖੋਂ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ ਹੈ।

**ਕਲਮੇਸ਼ਇੰਦਰ ਸਿੰਘ ਰੀਸਰਚ ਸਕੌਲਰ ਸਿੰਘਾਈਆਂ ਧੁਨੀ ਪਚੇਰੀ (ਰਾਜਸਥਾਨ**
ਸੰਗੀਤ ਵਿਭਾਗ, ਦੇਵ ਸਮਾਜ ਕਾਲਿਜ ਫਾਰ ਵੂਮੈਲ, ਸੈਕਟਰ 45 ਬੀ, ਚੰਡੀਗੜ੍ਹ

Form IV Statement of Ownership (See Rule 9)

| | | |
|---|---|---|
| Place | : | 422, Sector 15-A, Chandigarh |
| Periodicity of Publication | : | Monthly |
| Editor, Printer & Publisher's Name | : | Dr. Jagir Singh |
| Nationality | : | Indian |
| Owner of Newspaper | : | President, Amrit Kirtan Trust |

I, Dr. Jagir Singh, hereby declare that the particulars given above are true to the best of my knowledge and belief.

Sd/
Date: February 28, 2016 Dr. Jagir Singh, Publisher

# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

**ਭਾਈ ਗੁਰਮੀਤ ਸਿੰਘ ਜੋਸ਼**



**ਪਿਛਲੇ ਅੰਕ ਦੀ ਬਾਕੀ (ਨੌਵੀਂ ਕਿਸ਼ਤ)**

ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ।ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।

1 ਜੁਲਾਈ 1971 ਨੂੰ ਭਾਈ ਕਰਮ ਸਿੰਘ ਜੀ ਨੇ ਸਿੰਘ ਸਭਾ ਸਹਾਰਨਪੁਰ ਕੀਰਤਨ ਦੀ ਸੇਵਾ ਸ਼ੁਰੂ ਕਰ ਦਿੱਤੀ ਅਤੇ ਭਾਈ ਹਰਨਾਮ ਸਿੰਘ ਰਾਗੀ ਜਿਹਲਾਂ ਦੀ ਥਾਂ 'ਤੇ ਰਤਨ ਜੀ ਨੂੰ ਰੱਖਿਆ ਗਿਆ ਸੀ, ਉਸ ਤੋਂ ਬਾਅਦ ਅਗਸਤ ਵਿਚ, ਥਾਈਲੈਂਡ ਚਲੇ ਗਏ ਤੇ ਉਹਨਾਂ ਦੀ ਛੁੱਟੀ ਦੇ ਸਮੇਂ ਤਕ ਭਾਈ ਕਰਮ ਸਿੰਘ ਰਤਨ ਜੀ ਨੂੰ ਆਰਜ਼ੀ ਤੌਰ 'ਤੇ ਰੱਖਿਆ ਗਿਆ ਸੀ।

ਭਾਈ ਹਰਨਾਮ ਸਿੰਘ ਜੀ ਬਹੁਤ ਹੀ ਸੁਲਝੇ ਹੋਏ ਅਤੇ ਟਕਸਾਲੀ ਕੀਰਤਨੀਏ ਸਨ। ਇਹ ਭਾਈ ਸਮੁੰਦਰ ਸਿੰਘ ਜੀ ਮਸ਼ਹੂਰ ਰਾਗੀ ਨਨਕਾਣਾ ਸਾਹਿਬ ਵਾਲਿਆਂ ਦੇ ਸ਼ਾਗਿਰਦ ਸਨ ਅਤੇ ਪਾਕਿਸਤਾਨ ਬਣਨ ਤੋਂ ਪਹਿਲੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਵਿਖੇ ਹਜ਼ੂਰੀ ਰਾਗੀ ਸਨ ਤੇ ਜਦੋਂ ਪਾਕਿਸਤਾਨ ਬਣ ਗਿਅ। ਲਾਇਲਪੁਰ ਸ਼ਹਿਰ ਦੇ ਜਿਤਨੇ ਵੀ ਸਿੱਖ ਸਨ, ਉਹ ਸਾਰੇ ਹੀ ਸਹਾਰਨਪੁਰ ਆ ਕੇ ਵਸ ਗਏ। ਭਾਈ ਹਰਨਾਮ ਸਿੰਘ ਵੀ ਸਾਰੀ ਲਾਇਲਪੁਰ ਦੀ ਸੰਗੜ ਨਾਲ ਹੀ ਪਾਕਿਸਤਾਨ ਤੋਂ ਏਥੇ ਆ ਕੇ ਉਹ ਵੀ ਸਹਾਰਨਪੁਰ ਯੂ. ਪੀ. ਵਿਚ ਹੀ ਆ ਗਏ ਤੇ ਹੁਣ ਸੰਗਤ ਵੀ ਸਾਰੀ ਲਾਇਲਪੁਰ ਦੀ ਹੀ ਸੀ ਤੇ ਸੰਗੀਤ ਨੇ ਭਾਈ ਹਰਨਾਮ ਸਿੰਘ ਰਾਗੀ ਨੂੰ ਵੀ ਸਹਾਰਨਪੁਰ ਸਿੰਘ ਸਭਾ ਵਿਚ ਕੀਰਤਨ ਦੀ ਸੇਵਾ ਤੇ ਰੱਖ ਲਿਆ ਅਤੇ ਆਪ ਜੀ ਦਾ ਕੀਰਤਨ ਤਾਂ ਪ੍ਰਭਾਵਸ਼ਾਲੀ ਹੈ ਈ ਸੀ ਅਤੇ ਸੰਨ 1947 ਤੋਂ ਲੈ ਕੇ ਆਪ ਜੀ ਇਸੇ ਹੀ ਅਸਥਾਨ ਤੇ ਕੀਰਤਨ ਕਰਦੇ ਰਹੇ। ਸੰਨ 1971ਤਕ, ਤਕਰੀਬਨ 24 ਸਾਲ ਆਪ ਜੀ ਨੂੰ ਏਥੇ ਸੇਵਾ ਕਰਦਿਆਂ ਨੂੰ ਹੋ ਗਏ ਸਨ ਤੋਂ ਇਤਨਾ ਸਮਾਂ ਜਿਹਨਾਂ ਨੇ ਉਹਨਾਂ ਕਾ ਕੀਰਤਨ ਕਰਦਿਆਂ ਨੂੰ ਹੋ ਗਏ ਸਨ ਤੋਂ ਇਤਨਾ ਸਮਾਂ ਜਿਤਨਾ ਨੇ ਉਹਨਾਂ ਦਾ ਕੀਰਤਨ ਸੁਣਿਆ ਸੀ, ਉਹਨਾਂ ਦੇ ਮਨ ਤੇ ਗਹਿਰਾ ਪ੍ਰਭਾਵ ਪੈਣਾ ਤਾਂ ਸੁਭਾਵਿਕ ਗਲ ਹੈ।

ਜਦੋਂ ਭਾਈ ਹਰਨਾਮ ਸਿੰਘ ਵਿਦੇਸ਼ ਚਲੇ ਗਏ ਤਾਂ ਸੁਭਾਵਿਕ ਗੱਲ ਹੈ, ਨੇ ਸੇਵਾ ਸ਼ੁਰੂ ਕਰ ਦਿੱਤੀ। ਹੋਇਆ ਇਹ ਕਿ ਜਦੋਂ ਭਾਈ ਕਰਮ ਸਿੰਘ ਕੀਰਤਨ ਕਰ ਕੇ ਉੱਠਣ। ਸੰਗਤ ਵਿਚੋਂ ਕਈ ਸੱਜਣ ਭਾਈ ਕਰਮ ਸਿੰਘ ਪਾਸ ਆ ਕੇ, ਭਾਈ ਹਰਨਾਮ ਸਿੰਘ ਦੀ ਤਾਰੀਫ਼ ਕਰਨ ਲੱਗ ਪੈਣ ਕਿ ਉਹ ਇਸ ਤਰ੍ਹਾਂ ਗਾਂਦਾ ਸੀ ਤੇ ਉਹ ਇਸ ਤਰ੍ਹਾਂ ਪ੍ਰਮਾਣ ਦੇਂਦਾ ਸੀ, ਤਕਰੀਬਨ ਇਹ ਰੋਜ਼ ਹੀ ਲੋਕ ਇਸ ਤਰ੍ਹਾਂ ਕਹਿੰਦੇ ਹਨ। ਭਾਈ ਕਰਮ ਸਿੰਘ ਜੀ ਵੀ ਅੱਗੋਂ ਬੜੀ ਨਿਮਰਤਾ ਸਹਿਤ ਜਵਾਬ ਦੇਂਦੇ ਸਨ ਕਿ ਭਾਈ ਕਰਮ ਸਿਘ ਜੀ ਵੀ ਅੱਗੋਂ ਬੜੀ ਨਿਮਰਤਾ ਸਹਿਤ ਜਵਾਬ ਦਿੰਦੇ ਸਨ ਕਿ ਭਾਈ ਹਰਨਾਮ ਸਿੰਘ ਜੀ ਦਾ ਜਿਤਨਾ ਕੰਮ ਦਾ ਤਜ਼ਬਰਾਹੈ,ਉਤਨੀ ਤਾਂ ਹਾਲੇ ਸਾਡੀ ਉਮਰ ਵੀ

ਨਹੀਂ ਹੈ ਗੀ। ਉਹਨਾਂ ਦੇ ਮੁਕਾਬਲੇ ਤਾਂ ਅਸੀਂ ਬੱਚੇ ਹਾਂ। ਕੋਈ ਨਹੀਂਸਤਿਗੁਰੂ ਭਲੀ ਕਰੇਗਾ। ਅਸੀ ਵੀ ਉਹਨਾਂ ਵਰਗੇ ਬਣਨ ਦੀ ਕੋਸ਼ਿਸ਼ ਕਰਾਂਗੇ। ਸੋ ਪਾਠਕ ਸੱਜਣੋ, ਇਸ ਨੂੰ ਹੀ ਕਹਿੰਦੇ ਹਨ, ਕੰਮ ਦਾ ਪ੍ਰਭਾਵ ਕਿ ਕਲਾਕਾਰ ਦਾ ਕੰਮ ਤੇ ਪ੍ਰਭਾਵ ਲੋਕਾਂ ਦੇ ਮੂੰਹ ਤੇ ਚੜ੍ਹ ਕੇ ਬੋਲੇ।

ਫਿਰ ਹੌਲੇ ਹੌਲੇ ਜਿਵੇਂ ਜਿਵੇਂ ਦਿਨ ਬੀਤਦੇ ਗਏ ਲੋਕ ਭਾਈ ਹਰਨਾਮ ਸਿੰਘ ਦੀ ਸਿਫਤ ਕਰਦੇ ਥੱਕਦੇ ਨਹੀਂ ਸਨ। ਉਹੀ ਲੋਕ ਇਹ ਕਹਿਨ ਲਗ ਗਏ, ਭਾਈ ਕਰਮ ਸਿੰਘ ਜੀ ਤੁਸੀਂ ਤਾਂ ਸੰਗਤ ਨੂੰ ਕੀਲ ਲਿਆ ਹੈ, ਇਹ ਵੀ ਕਹਿਨ ਲਗ ਪਏ ਕਿ ਭਾਈ ਕਰਮ ਸਿੰਘ ਕੀਰਤਨ ਪ੍ਰਭਾਵਸ਼ਾਲੀ ਹੈ।

ਸਹਾਰਨਪੁਰ ਦੀ ਸਿੰਘ ਸਭਾ ਵੱਲੋਂ ਕੁੱਛ ਸਕੂਲ ਤੇ ਕਾਲਜ ਵੀ ਚਲ ਰਹੇ ਹਨ ਤੇ ਸਿੰਘ ਸਭਾ ਗੁਰਦੁਆਰੇ ਦੇ ਪਿਛਲੇ ਪਾਸੇ, ਇਕ ਲੜਕੀਆਂ ਦਾ ਕਾਲਿਜ ਵੀ ਹੈ, ਉਸ ਕਾਲਜ ਵਿਚ ਲੜਕੀਆਂ ਨੂੰ ਸੰਗੀਤ ਵੀ ਸਿਖਾਇਆ ਜਾਂਦਾ ਸੀ, ਤੇ ਸੰਗੀਤ ਦੀ ਕਲਾਸ ਵੀ ਲਗਦੀ ਸੀ ਤੇ ਉਸ ਕਲਾਸ ਦੇ ਮਾਸਟਰ ਸਨ, ਸ੍ਰੀ ਕੰਵਰ ਭਾਨ ਜੀ। ਇਹ ਅਖਾਂ ਤੋਂ ਹੀਣ ਸਨ। ਪਰ ਸੰਗੀਤ ਕਲਾਸੀਕਲ ਦੇ ਬਹੁਤ ਮਾਹਿਰ ਸਨ ਅਤੇ ਮਾਂ: ਕੰਵਰ ਭਾਨ ਜੀ, ਸਹਾਰਨਪੁਰ ਵਿਚ ਇਕ ਆਪਣਾ ਵਿੱਦਿਆਲਾ ਵੀ ਚਲਾ ਰਹੇ ਸਨ ਜੋ ਕਿ ਪ੍ਰਯੋਗ ਸੰਗੀਤ ਸੰਮਤੀ ਅਲਾਹਾਬਾਦ ਨਾਲ ਸੰਬੰਧਤ ਸੀ। ਇਹ ਮਾ: ਕੰਵਰ ਭਾਨ ਜੀ ਜਦੋਂ ਸਵੇਰੇ ਕਾਲਜਿ ਵਿਚ ਆਪਣੀ ਡੀਊਟੀ ਦੇ ਆਉਂਦੇ ਸਨ ਤਾਂ ਉਸ ਸਮੇਂ ਭਾਈ ਕਰਮ ਸਿੰਘ ਜੀ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਹੁੰਦੇ ਸਨ ਤੇ ਗੁਰਦੁਆਰਾ ਉੱਪਰ ਦੂਜੀ ਮੰਜ਼ਲ ਤੇ ਹੈ ਤੇ ਸਪੀਕਰ ਰਾਹੀ ਭਾਈ ਸਾਹਿਬ ਦੀ ਆਵਾਜ਼ ਇਤਨਾ ਦੇ ਕੰਨਾਂ ਵਿਚ ਪੈਂਦੀ ਤੇ ਭਾਈ ਸਾਹਿਬ ਦੀ ਆਵਾਜ਼ ਸੁਣ ਕੇ ਮਾਸਟਰ ਜੀ, ਕਿਤਨੀ ਕਿਤਨੀ ਦੇਰ ਥਲੇ ਖੜ੍ਹੇ ਖੜ੍ਹੇ ਹੀ ਸੁਣਦੇ ਰਹਿੰਦੇ ਸਨ ਅਤੇ ਭਾਈ ਸਾਹਿਬ ਦੇ ਕੀਰਤਨ ਤੋਂ ਮੁਤਾਸਿਰ ਹੋਏ। ਇਕ ਦਿਨ ਸਟਾਫ ਪਾਸੋਂ ਭਾਈ ਕਰਮ ਸਿੰਘ ਦਾ ਕਮਰਾ ਪੁੱਛ ਕੇ, ਉਹਨਾਂ ਨੂੰ ਮਿਲਣ ਆ ਗਏ। ਭਾਈ ਕਰਮ ਸਿੰਘ ਨੇ ਮਾਂ ਕੰਵਰ ਭਾਨ ਦਾ ਬਹੁਤ ਸਤਿਕਾਰ ਕੀਤਾ ਤੇ ਕੰਵਰ ਭਾਨ ਜੀ ਨੇ ਕਿਹਾ। ਭਾਈ ਸਾਹਿਬ ਜੀ ਤੁਹਾਡੀ ਆਵਾਜ਼ ਬਹੁਤ ਮਿੱਠੀ ਹੈ ਅਤੇ ਆਪ ਦਾ ਕੀਰਤਨ ਦਾ ਢੰਗ ਵੀ ਬਹੁਤ ਵਧੀਆ ਹੈ। ਭਾਈ ਸਾਹਿਬ ਨੇ ਮਾਸਟਰ ਜੀ ਦੀ ਚਾਹ ਪਾਣੀ ਨਾਲ ਸੇਵਾ ਕੀਤੀ ਤੇ ਸਤਿਕਾਰ ਕੀਰਤਨ ਤੇ ਫਿਰ ਇਸ ਤਰ੍ਹਾਂ ਤਕਰੀਬਨ ਹਰ ਇਕ ਦੋ ਦਿਨਾਂ ਬਾਅਦ ਆਪ ਜੀ ਦਾ ਮੇਲ ਹੁੰਦਾ ਹੀ ਰਹਿੰਦਾ ਸੀ ਤੇ ਇਕ ਦਿਨ ਮਾਂ ਜੀ ਭਾਈ ਸਾਹਿਬ ਦੇ ਘਰ ਬੈਠੇ ਹੋਏ ਸਨ ਤੇ ਤਪ ਸਾਹਿਬ ਨੇ ਕਿਹਾ ਮਾ: ਜੀ, ਇਕ ਰਾਗ ਦੀ ਮੈਂ ਆਪ ਜੀ ਪਾਸੋਂ ਜਾਣਕਾਰੀ ਲੈਣੀ ਹੈ। ਜੇ ਕਰ ਆਪ ਜੀ ਕ੍ਰਿਪਾ ਕਰੋ ਤਾਂ ਮਾਸਟਰ ਜੀ ਨੇ ਕਿਹਾ, ਉਹ ਤਾਂ ਮੈਂ ਦਸ ਦਿਆਂਗਾ, ਪਰ ਤੁਸੀਂ ਪਹਿਲੇ ਇਹ ਦਸੋ, ਤੁਸੀਂ ਸੰਗੀਤ ਦਾ ਡਿਪਲੋਮਾ ਕੀਤਾ ਹੈ? ਭਾਈ ਸਾਹਿਬ ਨੇ ਕਿਹਾ, ਡਿਪਲੋਮਾ ਤਾਂ ਮੈਂ ਨਹੀਂ ਕੀਤਾ, ਪਰ ਵੈਸੇ ਚੰਗੀ ਸਿਆਣੇ ਸਿਆਣੇ ਰਾਗੀਆਂ ਪਾਸੋਂ ਕੀਰਤਨ ਦੀ ਸਿੱਖਿਆ ਲਈ ਹੈ। ਮਾਸਟਰ ਜੀ ਨੇ ਕਿਹਾ ਜਿੱਥੇ ਤੁਸੀਂ ਇਤਨਾ ਵਧੀਆ ਕੀਰਤਨ ਕਰਦੇ ਹੋ। ਉਥੇ ਜੇ ਕਰ ਨਾਲ ਸੰਗੀਤ ਦਾ ਡਿਪਲੋਮਾ ਵੀ ਲੈ ਲਵੋ, ਤਾਂ ਸੋਨੇ ਤੇ ਸੁਹਾਗੇ ਕਿੱਥੇ ਕਹਾਂਗਾ। ਤੇ ਮਾਸਟਰ ਜੀ ਨੇ ਕਿਹਾ ਮੈਂ ਤੁਹਾਨੂੰ ਬੀ. ਏ. ਦਾ ਡਿਪਲੋਮਾ ਕਰਵਾ ਦੇਂਦਾ ਹਾਂ, ਤੇ ਭਾਈ ਸਾਹਿਬ ਨੇ ਕਿਹਾ ਮੈਂ ਕਰ ਸਕਾਂਗਾ ਤੇ ਮਾਂ ਜੀ ਨੇ ਕਿਹਾ, ਜ਼ਰੂਰ ਕਰ ਲਵੋਗੇ, ਤੇ ਮੈਂ ਕਰਵਾਵਾਂਗਾ। ਭਾਈ ਸਾਹਿਬ ਨੇ ਹਾਂ ਕਰ ਦਿੱਤੀ। ਮਾਂ ਕੰਵਰ ਭਾਨ ਤੋਂ ਸੰਗੀਤ ਦੀ ਸਿੱਖਿਆ ਲੈਣੀ ਸ਼ੁਰੂ ਕਰ ਦਿੱਤੀ। ਫੌਰ ਥੀਅਰ ਬੀ. ਏ. ਦੇ ਰਾਗ ਸਿੱਖਣੇ ਸ਼ੁਰੂ ਕਰ ਦਿੱਤੇ। ਜਿਸ ਵਿਚ ਰਾਗ ਹਮੀਰ, ਹਿੰਡੋਲ, ਮਾਰਵਾ, ਗੌਂਡ ਸਾਰੰਗ, ਛਾਇਆ ਨਟ, ਪੂਰਬੀ ਪਟਦੀਪ, ਬਘੇਸ਼ਰੀ, ਬਿਹਾਗ, ਦਰਬਾਰੀ ਮੀਆਂ ਕਾ ਮਲ੍ਹਾਰ, ਮਾਲਕੌਂਸ ਤੇ ਭੀਮ ਪਲਾਸੀ, ਜ਼ੌਨਪੁਰੀ ਤੇ ਜੈਜਾਵੰਤੀ, ਰਾਗ ਸਿੱਖ ਲਏ ਅਤੇ ਆਪ ਜੀ ਨੇ ਇਤਨਾ ਰਿਆਜ਼ ਤੇ ਮਿਹਨਤ ਕੀਤੀ ਕਿ ਇਕ ਸਾਲ ਵਿਚ ਹੀ ਬੀ. ਏ. ਦਾ ਡਿਪਲੋਮਾ ਫਸਟ ਡਵੀਜ਼ਨ ਵਿਚ ਕਰ ਲਿਆ। ਜਿੱਥੇ ਆਪ ਜੀ ਸੁਗਮ ਸੰਗੀਤ ਵਿਚ ਹੀ ਕੀਰਤਨ ਕਰਦੇ ਸਨ। ਉਥੇ ਆਪ ਜੀ ਸ਼ਾਸਤਰੀ ਸੰਗੀਤ ਵਿਚ ਵੀ ਮਾਹਰ ਹੋ ਗਏ। ਆਪ ਦੀ ਵਿਦਵਤਾ ਵਿਚ ਹੋਰ ਵਾਧਾ ਹੋ ਗਿਆ ਅਤੇ ਗਾਇਕੀ ਵਿਚ ਹੋਰ ਚਮਕ ਆ ਗਈ।

ਜੁਲਾਈ ਇਕੱਤਰ ਤੋਂ ਆਪ ਜੀ ਨੇ ਸਿੰਘ ਸਭਾ ਸਹਾਰਨਪੁਰ ਕੀਰਤਨ ਦੀ ਸੇਵਾ ਸ਼ੁਰੂ ਕਰ ਕੀਤੀ ਸੀ ਤੇ

ਨਵੰਬਰ ਆ ਗਿਆ ਗੁਰਪੁਰਬ ਗੁਰੂ ਨਾਨਕ ਸਾਹਿਬ ਜੀ ਦਾ ਨੇੜੇ ਆ ਗਿਆ। ਇਹ ਪੰਜ ਮਹੀਨਿਆਂ ਵਿਚ ਆਪ ਜੀ ਸਹਾਰਨਪੁਰ ਦੀ ਸੰਗਤ ਦੇ ਦਿਲਾਂ ਤੇ ਛਾ ਗਏ। ਜਿਸ ਪਾਸੇ ਵੀ ਜਾਂਦੇ, ਲੋਗ ਬਹੁਤ ਆਦਰ ਦੇਂਦੇ ਅਤੇ ਮਾਂ ਕੰਵਰ ਭਾਨ ਤੋਂ ਸੰਗੀਤ ਸਿੱਖ ਕੇ ਗਾਇਕੀ ਵਿਚ ਵੀ ਨਿਖਾਰ ਆ ਗਿਆ। ਗੁਰੂ ਨਾਨਕ ਸਾ: ਜੀ ਦੇ ਪ੍ਰਕਾਸ਼ ਪੁਰਬ ਤੇ ਐਸਾ ਪ੍ਰਭਾਵਸ਼ਾਲੀ ਕੀਰਤਨ ਕੀਤਾ। ਖਾਸ ਕਰਕੇ ਸਹਾਰਨਪੁਰ ਜਿਨ੍ਹੇ ਵਿਚ ਆਪ ਜੀ ਨੂੰ ਹੋਰ ਨਾਲਗ ਲਗਦੇ ਸ਼ਹਿਰਾਂ ਤੋਂ ਵੀ ਪ੍ਰੋਗਰਾਮ ਆਉਣ ਲਗ ਪਏ ਤੇ ਉਸ ਤੋਂ ਬਾਅਦ ਦਸੰਬਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਆ ਗਿਆ। ਗੁਰਪੁਰਬ ਵਾਲੇ ਦਿਨ ਆਸਾ ਦੀ ਵਾਰ ਦਾ ਕੀਰਤਨ ਕੀਤਾ। ਦੁਪਹਿਰੇ ਫਿਰ ਕੀਰਤਨ ਕੀਤਾ, ਉਸ ਕੀਰਤਨ ਵਿਚ ਆਪ ਜੀ ਨੇ ਸ਼ਬਦ ਪੜ੍ਹਿਆ (ਸਭ ਗੋਬਿੰਦ ਹੈ ਸਭ ਗੋਬਿੰਦ ਹੈ ਗੋਬਿੰਦ ਬਿਨੁ ਨਹੀਂ ਕੋਈ) ਇਹ ਬੰਦਿਸ਼ ਰਾਗ ਭੈਰਵੀ ਵਿਚ ਬਹੁਤ ਹੀ ਕਮਾਲ ਦੀ ਤੇ ਮਿੱਠੀ ਬੰਦਿਸ਼ ਹੈ। ਇਹ ਆਪ ਜੀਨੇ ਗਾਇਆ ਤੇ ਫਿਰ ਦਸਮ ਪਾਤਸ਼ਾਹ ਜੀ ਦੀ ਬਾਣੀ ਵਿਚੋਂ ਆਪ ਜੀ ਨੇ ਪ੍ਰਮਾਣ ਦਿੱਤੇ ਤੇ ਐਸਾ ਕੀਰਤਨ ਕੀਤਾ ਸੰਗਤ ਮੰਤਰ ਮੁਗਧ ਹੋ ਗਈ ਅਤੇ ਫਿਰ ਗੁਰਪੁਰਬ ਵਾਲੇ ਰਾਤ ਦਾ ਕੀਰਤਨੀ, ਜੋ ਕਿ ਸਤਿਗੁਰੂ ਦੇ ਜਨਮ ਸਮੇਂ ਹੁੰਦਾ ਹੈ। ਉਹ ਰਾਤ ਨੂੰ ਆਪ ਜੀ ਨੇ ਕੀਰਤਨ ਕਰਨਾ ਸੀ ਤੇ ਰਾਤ ਦੇ ਦਾਵਨ ਵਿਚ ਸਭਾ ਨੇ ਭਾਈ ਕ੍ਰਿਪਾਲ ਸਿਘ ਹੈੱਡ ਗ੍ਰੰਥੀ ਦੀ ਸੇਵਾ ਸਟੇਜ ਸਕਤ੍ਰ ਦੀ ਲਾ ਦਿੱਤੀ ਕਿ ਰਾਤ ਤੁਸੀਂ ਸਟੇਜ ਸੰਭਾਲ ਲਈ ਹੈ, ਤਾਂ ਰਾਤ ਨੂੰ ਜਦੋਂ ਭਾਈ ਕਰਮ ਸਿੰਘ ਜੀ ਦੇ ਕੀਰਤਨ ਦੀ ਵਾਰੀ ਆ ਗਈ। ਭਾਈ ਕ੍ਰਿਪਾਲ ਸਿੰਘ ਜੀ ਦੇ ਸਾਹਮਣੇ (ਕੀਰਤਨ ਨਿਰਮੋਲਕ ਹੀਰਾ) ਲੈ ਕੇ ਭਾਈ ਕਰਮ ਸਿੰਘ ਜੀ ਸਟੇਜ ਤੇ ਆ ਰਹੇ ਹਨ। ਮੈਂ ਵੀ ਇਹਨਾਂ ਦੇ ਕੀਰਤਨ ਵਿਚ ਸੰਗੀਤ ਵੀ ਹੈ, ਕਲਾ ਵੀ ਹੈ, ਰਸ ਵੀ ਹੈ ਤੇ ਆਨੰਦ ਵੀ ਹੈ ਅਤੇ ਸਹੀ ਮਾਹਨਿਆਂ ਵਿਚ ਸਤਿਗੁਰੂ ਨੇ ਕਿਹਾ ਹੈ (ਕੀਰਤਨ ਨਿਰਮੋਲਕ ਹੀਰਾ) ਉਹ ਨਿਰਮੋਲਕ ਰਤਨ ਆਪ ਜੀ ਦੇ ਪਾਸ ਹੈ, ਇਸ ਵਾਸਤੇ ਮੇਰਾ ਇਕ ਪ੍ਰਸਤਾਵ ਹੈ, ਸਾਧ ਸੰਗਤ ਦੇ ਅੱਗੇ ਕਿ ਇਹਨਾਂ ਦਾ ਨਾਮ (ਭਾਈ ਕਰਮ ਸਿੰਘ 'ਰਤਨ' ਹੋਣਾ ਚਾਹੀਦਾ ਹੈ। ਅਗਰ ਸੰਗਤ ਨੂੰ ਮੇਰਾ ਪ੍ਰਸਤਾਵ ਪ੍ਰਵਾਨ ਹੈ, ਤਾਂ ਆਪ ਜੀ ਜੈਕਾਰਾ ਛੱਡ ਕੇ ਪ੍ਰਵਾਨਗੀ ਦਿਉ ਤਾਂ ਸੰਗਤ ਵਿਚੋਂ ਕਈ ਸੱਜਣਾਂ ਨੇ ਜੈ ਕਾਰੇ ਛੱਡ ਦਿੱਤੇ, ਜੈਕਾਰੇ ਗਜਾ ਦਿੱਤੇ ਤੇ ਇਸ ਤਰ੍ਹਾਂ ਸੰਨ 1971 ਦੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਮੇਂ ਭਾਈ ਸਾਹਿਬ ਜੀ ਦਾ ਨਾਮ, ਭਾਈ ਕਰਮ ਸਿੰਘ 'ਰਤਨ' ਸਹਾਰਨਪੁਰ ਦੀ ਸੰਗਤ ਨੇ ਪ੍ਰਵਾਨ ਕਰ ਲਿਆ।

ਜਦੋਂ ਭਾਈ ਕਰਮ ਸਿੰਘ ਜੀ ਕੀਰਤਨ ਸ਼ੁਰੂ ਕਰਨ ਲੱਗੇ ਤੇ ਭਾਵਕ ਹੋ ਗਏ। ਉਹਨਾਂ ਦੀਆਂ ਅੱਖਾਂ ਵਿਚ ਅੱਥਰੂ ਆ ਗਏ ਤੇ ਭਰੇ ਹੋਏ ਗਲੇ ਨਾਲ ਕਿਤਨੀ ਦੇਰ ਕੁਝ ਬੋਲ ਹੀ ਨਹੀਂ ਸਕੇ। ਫਿਰ ਗਲਾ ਸਾਫ ਕਰਕੇ ਕਹਿਨ ਲੱਗੇ, ਸਾਧ ਸੰਗਤ ਜੀ ਮੈਂ ਤਾਂ ਇਕ ਨਿਮਾਣਾ ਜਿਹਾ ਤੇ ਗ਼ਰੀਬ ਜਿਹਾ ਰਾਗੀ ਹਾਂ,ਪਰ ਆਪ ਜੀ ਨੇ ਮੈਨੂੰ ਬਹੁਤ ਵੱਡਾ ਸਨਮਾਨ ਬਖਸ਼ਿਸ਼ ਕਰ ਦਿੱਤਾ ਹੈ।ਉਸ ਤੋਂ ਬਾਅਦ ਆਪ ਜੀ ਨੂੰ ਸਭ ਲੋਕ ਰਤਨ ਜੀ ਕਹਿ ਕੇ ਹੀ ਬੁਲਾਉਣ ਲੱਗ ਪਏ ਤੇ ਭਾਈ ਕਰਮ ਸਿੰਘ ਜੀ ਵਾਕਿਆ ਹੀ 'ਰਤਨ' ਬਣ ਗਏ ਕਿਉਂਕਿ ਸਹਾਰਨਪੁਰ ਵਿਚ ਰਹਿ ਕੇ ਇਹਨਾਂ ਦੇ ਸੰਗੀਤ ਅਤੇ ਕੀਰਤਨ ਵਿਚ ਰਤਨ ਵਰਗੀ ਹੀ ਚਮਕ ਅਤੇ ਰੌਸ਼ਨੀ ਆ ਗਈ। ਇਹ ਭਾਈ ਕਰਮ ਸਿੰਘ ਜੀ ਦੀ ਦੂਜੀ ਸਭ ਤੋਂ ਵੱਡੀ ਸਫਲਤਾ ਸੀ।

ਪਾਠਕ ਸੱਜਣੋ, ਅੱਗੇ ਜੋ ਮੈਂ ਲਿਖਣ ਜਾ ਰਿਹਾ ਹਾਂ ਇਸ ਤੋਂ ਆਪ ਜੀ ਨੂੰ ਇਹ ਪ੍ਰਕਾਰ ਪਤਾ ਲਗ ਜਾਏਗਾ ਕਿ ਕਲਾਕਾਰ ਦੇ ਕੰਮ ਦਾ ਤੇ ਉਸ ਦੀ ਸਹੀ ਕਲਾ ਦਾ ਅਸਰ ਕੀ ਹੁੰਦਾ ਹੈ। ਕਲਾਕਾਰ ਉਹ ਹੁੰਦਾ ਹੈ ਜੋ ਲੋਕਾਂ ਦੇ ਮਨਾਂ ਤੇ ਜਾਦੂ ਵਾਂਗ ਅਸਰ ਕਰੇ ਤੇ ਲੋਕ ਉਸ ਦੇ ਤੇ ਉਸ ਦੀ ਕਲਾ ਦੇ ਦੀਵਾਨੇ ਹੋ ਜਾਣ। ਲੋਕਾਂ ਦੀ ਜ਼ੁਬਾਨ ਤੋਂ ਕਲਾਕਾਰ ਦਾ ਕੰਮ ਬੋਲੇ। ਅਸੀਂ ਕਈ ਵਾਰ ਵੇਖਦੇ ਹਾਂ। ਕਈ ਗੁਰਦੁਆਰਿਆਂ ਵਿਚ ਰਾਗੀ ਸਿੰਘ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਹਨ, ਪਰ ਸੰਗਤ ਦੇ ਸੱਜਣ ਆਉਂਦੇ ਹਨ ਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ (ਮੱਥਾ) ਟੇਕ ਕੇ ਚਲੇ ਜਾਂਦੇ ਹਨ। ਪਰ ਕੀਰਤਨ ਵਿਚ ਨਹੀਂ ਬੈਠਦੇ। ਨਾ ਹੀ ਉਹ ਸੁਣਦੇ ਹਨ। ਕਈ ਪ੍ਰੇਮੀ ਸੰਗਤ ਵਿਚ ਬੈਠੇ ਤਾਂ ਹੁੰਦੇ ਹਨ, ਪਰ ਉਹਨਾਂ ਦਾ ਮਨ ਕੀਰਤਨ ਵਿਚ ਨਹੀਂ ਹੁੰਦਾ ਜਾਂ ਤਾਂ ਆਪਸ ਵਿਚ ਗੱਲਾਂ ਕਰਦੇ ਹੁੰਦੇ ਹਨ ਤੇ ਜਾ ਗੁਰਦੁਆਰੇ ਬੈਠੇ ਵੀ ਸੁੱਤੇ ਪਏ ਹੁੰਦੇ ਹਨ। ਇਸ ਦਾ ਕਾਰਨ ਕੀ ਹੈ?

ਇਸ ਦਾ ਕਾਰਨ ਹੈ ਕਿ ਵਕਤਾ ਜਾਂ ਰਾਗੀ ਬੋਲ ਰਿਹਾ ਹੈ। ਉਹ ਸਿਰਫ ਆਪਣੀ ਡਿਊਟੀ ਨਿਭਾਅ ਰਿਹਾ ਹੈ ਤੇ ਉਸ ਦੀ ਗਾਇਕੀ ਵਿਚ ਉਹਦਾ ਆਪਣਾ ਮਨ ਵੀ ਨਹੀਂ ਜੁੜਿਆ ਹੁੰਦਾ, ਜਿਸ ਤਰ੍ਹਾਂ ਸਤਿਗੁਰ ਜੀ ਫੁਰਮਾਨ ਕਰਦੇ ਹਨ ਕਿ (ਬਧਾ ਚੱਟੀ ਜੋ ਭਰੇ ਨਾ ਗੁਣ ਨਾ ਉਪਕਾਰ) ਉਹ ਸਿਰਫ ਸਮਾਂ ਪਾਸ ਕਰ ਰਿਹਾ ਹੈ, ਪਰ ਕਲਾ ਉਸ ਨੂੰ ਕਹਿੰਦੇ ਹਨ, ਪਹਿਲੀ ਗੱਲ ਤਾਂ ਇਹ ਹੈ ਕਿ ਜਦੋਂ ਕੋਈ ਰਾਗੀ ਜਾਂ ਕਲਾਕਾਰ ਗਾ ਰਿਹਾ ਹੋਵੇ, ਉਸ ਦੀ ਕਲਾ ਵਿਚ ਇਤਨੀ ਕਸ਼ਿਸ਼ ਹੋਵੇ ਕਿ ਜੋ ਮਨੁੱਖ ਮੱਥਾ ਟੇਕਣ ਹੀ ਆਇਆ ਹੈ, ਉਸ ਦੇ ਕੰਨਾਂ ਵਿਚ ਜਦੋਂ ਕਲਾਕਾਰ ਦੀ ਆਵਾਜ਼ ਪਵੇ, ਉਸ ਦੀ ਮੱਥਾ ਟੇਕ ਕੇ ਵਾਪਸ ਜਾਣ ਦੀ ਹਿੰਮਤ ਨਾ ਪਵੇ, ਉਥੇ ਹੀ ਬੈਠ ਜਾਵੇ, ਭਾਵੇਂ ਉਸ ਨੂੰ ਕਿਤਨਾ ਹੀ ਜ਼ਰੂਰੀ ਕੰਮ ਕਿਉਂ ਨਾ ਹੋਵੇ ਅਤੇ ਜੋ ਸੱਜਣ ਸੰਗਤ ਵਿਚ ਬੈਠੇ ਹੋਏ ਹੋਣ, ਉਹਨਾਂ ਦਾ ਧਿਆਨ ਵਕਤੇ ਦੀ ਕਲਾ ਤੇ ਅਗਰ ਹੋਵੇਗਾ ਤਾਂ ਨੀਂਦ ਆਉਣ ਤੇ ਊਂਘਣ ਦਾ ਤਾਂ ਸਵਾਲ ਹੀ ਨਹੀਂ ਉੱਠ ਸਕਦਾ, ਇਸ ਨੂੰ ਕਹਿੰਦੇ ਹਨ ਕੰਮ, ਕਲਾਕਾਰ ਦੇ ਕੰਮ ਵਿਚ ਇਤਨੀ ਕਸ਼ਿਸ਼ ਅਤੇ ਅਟਰੈਕਸ਼ਨ ਹੋਵੇ ਕਿ ਸਰੋਤੇ ਦਾ ਧਿਆਨ ਕਲਾਕਾਰ ਵੱਲ ਲੱਗਾ ਹੋਵੇ, ਧਿਆਨ ਹੋਰ ਪਾਸੇ ਜਾ ਹੀ ਨਾ ਸਕੇ।

ਭਾਈ ਕਰਮ ਸਿੰਘ ਰਤਨ ਨੇ ਜੋ ਜੋ ਸਫਲਤਾ ਪਾਈਆਂ ਹਨ, ਉਹਨਾਂ ਵਿਚ ਕੁਝ ਖਾਸ ਹਨ, ਜਿੱਥੇ ਉਹਨਾਂ ਨੇ ਆਪਣੀ ਕਲਾ ਦਾ ਲੋਹਾ ਲੋਕਾਂ ਦੇ ਮੂੰਹ ਤੋਂ ਬੁਲਵਾਇਆ ਹੈ, ਇਹ ਘਟਨਾਵਾਂ ਅੱਗੇ ਆਉਣਗੀਆਂ।

ਸਹਾਰਨਪੁਰ ਵਿਚ ਸੰਗਤ ਨੇ ਆਪ ਨੂੰ ਰਤਨ ਦੀ ਉਪਾਧੀ ਬਖਸ਼ੀ ਤੇ ਹੁਣ ਸਹਾਰਨਪੁਰ ਤੋਂ ਜੋ ਆਪ ਜੀ ਦੀ ਵਿਦਾਇਗੀ ਹੋਈ, ਉਹ ਵੀ ਇਕ ਰੀਕਾਰਡ ਤੋੜ ਸਫਲਤਾ ਹੈ।

ਸੰਨ 1972 ਮਾਰਚ ਦੇ ਅਖੀਰ ਵਿਚ, ਭਾਈ ਹਰਨਾਮ ਸਿੰਘ ਰਾਗੀ ਥਾਈਲੈਂਡ, ਮਲੇਸ਼ੀਆ ਤੇ ਸਿੰਘਾਪੁਰ ਦਾ ਟੂਰ ਲਾ ਕੇ ਵਾਪਸ ਇੰਡੀਆ ਸਹਾਰਨਪੁਰ ਆ ਗਏ। ਸੋ ਭਾਈ ਕਰਮ ਸਿੰਘ ਦਾ ਉਹਨਾਂ ਦੀ ਛੁੱਟੀ ਤੇ ਜਾਣ ਕਰ ਕੇ ਉਹਨਾਂ ਨੂੰ ਆਰਜ਼ੀ ਤੌਰ 'ਤੇ ਹੀ ਰੱਖਿਆ ਗਿਆ ਸੀ ਤੇ ਜਦੋਂ ਭਾਈ ਹਰਨਾਮ ਸਿੰਘ ਜੀ ਵਾਪਸ ਆ ਗਏ ਤਾਂ ਭਾਈ ਕਰਮ ਸਿੰਘ ਰਤਨ ਜੀ ਨੇ ਨੈਤਿਕਤਾ ਦੇ ਆਧਾਰ 'ਤੇ ਸਭਾ ਨੂੰ ਆਪਣਾ ਅਸਤੀਫਾ ਪੇਸ਼ ਕਰ ਦਿੱਤਾ ਤੇ ਸਭਾ ਨੇ ਰਤਨ ਜੀ ਦਾ ਅਸਤੀਫਾ ਪ੍ਰਵਾਨ ਕਰ ਲਿਆ ਤੇ ਅਗਲੇ ਦਿਨ ਸ: ਹਰਨਾਮ ਸਿੰਘ ਸੈਕਟਰੀ ਨੇ ਸੰਗਤ ਵਿਚ ਅਨਾਂਊਂਸ ਕੀਤਾ ਕਿ ਭਾਈ ਹਰਨਾਮ ਸਿੰਘ ਜੀ ਸਾਡੇ ਹਜ਼ੂਰੀ ਰਾਗੀ ਵਿਦੇਸ਼ ਦਾ ਦੌਰਾ ਕਰ ਕੇ ਵਾਪਸ ਆ ਗਏ ਹਨ। ਇਸ ਵਾਸਤੇ ਭਾਈ ਕਰਮ ਸਿੰਘ ਰਤਨਜੀ ਨੇ ਵੀ ਆਪਣਾ ਅਸਤੀਫਾ ਸਭਾ ਨੂੰ ਸੌਂਪ ਦਿੱਤਾ ਹੈ। ਸੋ ਇਸ ਲਈ ਆਉਣ ਵਾਲੇ ਐਤਵਾਰ ਨੂੰ ਭਾਈ ਕਰਮ ਸਿੰਘ ਰਤਨ ਜੀ ਦੇ ਜੱਥੇ ਨੂੰ ਸਨਮਾਨਤ ਕਰਕੇ ਵਿਦਾਇਗੀ ਦਿੱਤੀ ਜਾਵੇਗੀ ਤੇ ਸੈਕਟਰੀ ਸਾਹਿਬ ਤੋਂ ਇਹ ਅਨਾਂਊਸਮੈਂਟ ਸੁਣ ਕੇ ਸੰਗਤ ਦਫਤਰ ਵਿਚ ਚਲੀ ਗਈ ਤੇ ਪ੍ਰਬੰਧਕ ਕਮੇਟੀ ਨੂੰ ਇਹ ਕਹਿ ਦਿੱਤਾ ਕਿ ਅਸੀਂ ਕਿਸੇ ਵੀ ਕੀਮਤ ਤੇ ਭਾਈ ਕਰਮ ਸਿੰਘ ਰਤਨ ਜੀ ਨੂੰ ਜਾਣ ਨਹੀਂ ਦੇਣਾ। ਪ੍ਰਬੰਧਕਾਂ ਨੇ ਮਜਬੂਰ ਹੋ ਕੇ ਭਾਈ ਕਰਮ ਸਿੰਘ ਦਾ ਤਿਆਗ ਪੱਤਰ ਵਾਪਸ ਕਰ ਦਿੱਤਾ ਤੇਭਾਈ ਕਰਮ ਸਿੰਘ ਜੀ ਨੂੰ ਕਹਿ ਦਿੱਤਾ ਕਿ ਸੰਗਤ ਆਪ ਜੀ ਨੂੰ ਨਹੀਂ ਜਾਣ ਦੇਣਾ ਚਾਹੁੰਦੀ। ਇਸ ਲਈ ਤੁਸੀਂ ਹੁਣ ਪੱਕਾ ਏਥੇ ਹੀ ਰਹਿਣਾ ਹੈ। ਅਗਲੇ ਦਿਨ ਫਿਰ ਸਕੱਤਰ ਨੇ ਸੰਗਤ ਵਿਚ ਅਨਾਂਊਂਸ ਕੀਤਾ, ਸਾਧ ਸੰਗਤ ਜੀ ਆਪ ਜੀ ਦੇ ਪਿਆਰ ਨੂੰ ਦੇਖਦੇ ਹੋਏ ਸਭਾ ਨੇ ਭਾਈ ਕਰਮ ਸਿੰਘ ਰਤਨ ਦੇ ਜੱਥੇ ਨੂੰ ਰੋਕ ਲਿਆ ਹੈ। ਇਸ ਲਈ ਭਾਈ ਸਾਹਿਬ ਜੀ ਹੁਣ ਏਥੇ ਹੀ ਆਪ ਜੀ ਨੂੰ ਰੋਜ਼ਾਨਾ ਕੀਰਤਨ ਸੁਣਾਉਣਗੇ। ਹੁਣ ਦੋਵੇਂ ਰਾਗੀ ਜੱਥੇ ਵਾਰੀ ਵਾਰੀ ਨਾਲ ਕੀਰਤਨ ਕਰਿਆ ਕਰਨਗੇ ਤੇ ਦੋਹਾਂ ਜਥਿਆ ਦੀ ਡਿਊਟੀਆਂ ਇਸ ਤਰ੍ਹਾਂ ਵੰਡੀਆਂ ਕਿ ਇਕ ਦਿਨ ਸਵੇਰੇ ਜਿਹੜਾ ਜੱਥੇ ਆਸਾ ਦੀ ਵਾਰ ਕੀਰਤਨ ਕਰੇਗਾ ਤੇ ਸ਼ਾਮ ਨੂੰ ਦੂਜਾ ਜੱਕਾ ਰਾਤ ਦਾ ਕੀਰਤਨ ਕਰੇ। ਰਾਤ ਤੇ ਜਿਹੜਾ ਜੱਥਾ ਰਾਤ ਦਾ ਕੀਰਤਨ ਕਰੇਗਾ, ਅਗਲੇ ਦਿਨ ਸਵੇਰੇ ਉਹ ਆਸਾ ਦੀ ਵਾਰ ਦਾ ਕੀਰਤਨ ਕਰੇਗਾ। ਬਾਹਰਲੇ ਪ੍ਰੋਗਰਾਮ ਵੀ ਦੋਵੇਂ ਜੱਥੇ ਵਾਰੀਵਾਰੀ ਨਾਲ ਪ੍ਰੋਗਰਾਮ ਕਰਨ ਜਾਣਗੇ। ਇਸ ਤਰ੍ਹਾਂ ਦੋਨਾਂ ਜੱਥਿਆਂ ਦੀ ਕੀਰਤਨ ਦੀ ਸੇਵਾ ਸ਼ੁਰੂ ਹੋ ਗਈ।

# ਬਸੰਤ ਰਾਮਾ ਨੰਦ ਜੀ

**ਹਰਿਭਜਨ ਸਿੰਘ**

ਥਾਟ : ਬਿਲਾਵਲੁ, ਸਮਾਂ ਦਿਨ ਦਾ ਦੂਜਾ ਪਹਿਰ (ਬਸੰਤ ਰੁਤ ਵਿਚ ਹਰ ਸਮੇਂ)

ਵਾਦੀ/ਸੰਵਾਦੀ : ਸਂ/ਮ

ਜਾਤੀ : ਔਡਵ/ਛਾਡਵ ਸੰਪੂਰਨ॥ ਵਰਜਿਤ ਅਰੋਹ ਵਿਚ 'ਰ' ਤੇ 'ਪ'।

ਆਰੋਹ : ਸ ਗ ਮ ਧ ਨ ਸਂ॥ ਅਵਰੋਹ : ਸਂ ਨ ਧ ਪ ਮ, ਗ ਰ ਸ॥

ਮੁੱਖ ਅੰਗ : ਗ ਮ ਧ ਨ ਸਂ, ਸਂ ਨ ਧ ਪ ਮ, ਗ, ਰ ਸ॥

| | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|
| × | | 2 | | | 0 | | 3 | | | × | | 2 | | | 0 | | 3 | | |
| ਸਥਾਈ | | | | | | | | | | | | | | | | | | | |
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
| ਨ. | ਸ | ਧ. | ਨ | ਸ | ਮ | – | ਗ | – | ਗ | ਗ | ਮ | ਧ | – | ਮ | ਮ | ਧ | ਮਧ | ਨਸਂ | ਸਂ |
| ਕ | ਤ | ਜਾ | ਈ | ਐ | ਰੇ | s | s | s | ਘਰ | ਲਾ | s | ਗੋ | s | s | ਰੰ | s | ਗੁ | s | ਮੇਰਾ |
| ਸਂ | ਸਂ | ਸਂ | – | ਰਂ | ਸਂ | ਨ | ਧ | – | ਧ | ਗ | – | ਮ | – | ਪ | ਗ | ਮ | ਰ | ਸ | ਸ |
| ਚਿ | ਤੁ | ਨ | s | ਚ | ਲੈ | s | ਮ | s | ਨੁ | ਭ | s | ਇਉ | s | s | ਪੰ | s | ਗੁ | s | s |
| ਅੰਤਰਾ | | | | | | | | | | | | | | | | | | | |
| ਸਂ | ਨ | ਧ | – | ਮ | ਧ | ਨ | ਸਂ | – | ਸਂ | ਸਂ | ਨ | ਧ | – | ਮ | ਧ | ਨ | ਸਂ | – | ਸਂ |
| ਏ | s | ਕ | s | ਦਿ | ਵ | ਸ | ਮ | s | ਨ | ਭ | s | ਈ | s | ਉ | ਮੰ | s | ਗ | s | ਘਸਿ |
| ਗਂ | – | ਗਂ | – | ਮਂ | ਰਂ | ਗਂ | ਸਂ | – | – | ਗਂ | ਰਂ | ਨ | ਸਂ | ਧ | ਨ | – | ਸਂ | – | – |
| ਚੰ | s | ਦ | s | ਨ | ਚੋ | s | ਆ | s | s | ਬ | s | ਹੁ | s | ਸੁ | ਗੰ | s | ਧ | s | s |
| ਸਂ | ਨ | ਧ | – | ਮ | ਧ | ਨ | ਸਂ | – | ਸਂ | ਗਂ | – | ਗਂ | – | ਮਂ | ਰਂ | ਗਂ | ਸਂ | – | ਸਂ |
| ਪੂ | s | ਜ | s | ਨ | ਚਾ | s | ਲੀ | s | s | ਬ੍ਰ | ਹ | ਮ | s | s | ਠਾ | s | ਇ | s | ਸੋ |
| ਨ | – | ਨ | – | ਸਂ | ਨ | – | ਧ | – | ਧ | ਗ | – | ਮ | – | ਪ | ਗ | ਮ | ਰ | ਸ | ਸ |
| ਬ੍ਰ | ਹ | ਮ | s | ਬ | ਤਾ | s | ਇਉ | s | ਗੁਰ | ਮ | ਨ | ਹੀ | s | s | ਮਾ | s | ਹਿ | s | s |
| ਸ | ਮ | ਮ | – | ਗ | ਮ | – | ਮ | – | – | ਗ | ਗ | ਗ | – | ਮ | ਰ | ਗ | ਸ | – | ਸ |
| ਜ | ਹਾ | ਜਾ | s | ਈ | ਐ | s | ਤਹ | s | s | ਜ | ਲ | s | s | ਪ | ਖਾ | s | ਨ | s | ਤੂ |
| ਸ | ਮ | ਮ | – | ਗ | ਮ | ਧ | ਧ | – | ਧ | ਮ | ਧ | ਨ | – | ਨ | ਸਂ | – | ਸਂ | – | – |
| ਪੂ | s | ਰਿ | s | ਰਹਿ | ਓ | s | ਹੈ | s | s | ਸ | ਭ | s | s | ਸ | ਮਾ | s | ਨ | s | s |
| ਗਂ | ਰਂ | ਸਂ | – | ਨ | ਸਂ | – | ਸਂ | – | ਸਂ | ਨ | – | ਧ | – | ਮ | ਧ | ਨ | ਸਂ | – | – |
| ਬੇ | s | ਦ | s | sਪੁ | ਰਾ | s | ਨ | s | ਸਭ | ਦੇ | s | ਖੇ | s | s | ਜੋ | s | ਇ | s | s |
| ਨ | – | ਨ | – | ਸਂ | ਨ | – | ਧ | – | ਧ | ਗ | – | ਮ | – | ਪ | ਗ | ਮ | ਰ | ਸ | ਸ |
| ਉ | ਹਾ | ਤਉ | s | s | ਜਾ | s | ਈਐ | s | ਜਉ | ਈ | s | ਹਾਂ | s | ਨ | ਹੋ | s | ਇ | s | s |
| ਗਂ | ਰਂ | ਸਂ | – | ਨ | ਸਂ | – | ਸਂ | – | ਸਂ | ਨ | – | ਧ | – | ਮ | ਧ | ਨ | ਸਂ | – | ਸਂ |
| ਸ | ਤਿ | ਗੁ | s | ਰ | ਮੈ | s | ਬ | s | ਲਿ | ਹਾ | s | ਰੀ | s | s | ਤੋ | s | ਰ | s | ਜਿਨਿ |
| ਰਂ | ਰਂ | ਰਂ | – | ਸਂ | ਸਂ | ਗਂ | ਰਂ | ਸਂ | ਸਂ | ਨ | ਸਂ | ਧ | – | ਧ | ਨ | ਰਂ | ਸਂ | – | – |
| ਸ | ਕ | ਲ | s | ਬਿ | ਕ | ਲ | ਭ੍ਰ | s | ਮ | ਕਾ | s | ਟੇ | s | s | ਮੋ | s | ਰ | s | s |
| ਸਂ | ਨ | ਧ | – | ਮ | ਧ | ਨ | ਸਂ | – | ਸਂ | ਗਂ | ਗਂ | ਗਂ | – | ਮਂ | ਰਂ | ਗਂ | ਸਂ | – | ਸਂ |
| ਰਾ | ਮਾ | ਨੰ | s | ਦ | ਸੁਆ | s | ਮੀ | s | s | ਰ | ਮ | ਤ | s | s | ਬ੍ਰਹ | s | ਮ | s | s |
| ਨ | ਨ | ਨ | – | ਸਂ | ਨ | – | ਧ | – | ਧ | ਗ | – | ਮ | – | ਪ | ਗ | ਮ | ਰ | ਸ | ਸ |
| ਗੁ | ਰ | ਕਾ | s | s | ਸ | ਬ | ਦੁ | s | s | ਕਾ | ਟੈ | ਕੋ | s | ਟਿ | ਕ | ਰ | ਮ | s | s |

**ਐੱਚ. ਐੱਮ. 74, ਫੇਜ਼ 3ਬੀ1, ਮੋਹਾਲੀ, ਮੋਬਾਇਲ :9316136268**

Postal Regd. No. CH/0045/2015-2017 RNI Regd. No. 46788/89

# ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

ਰਾਮਾਨੰਦ ਜੀ ਘਰੁ ੧
Raamaanand Jee, First House:

ੴ ਸਤਿਗੁਰ ਪ੍ਰਸਾਦਿ ॥
One Universal Creator God. By The Grace Of The True Guru:

ਕਤ ਜਾਈਐ ਰੇ ਘਰ ਲਾਗੋ ਰੰਗੁ ॥
Where should I go? My home is filled with bliss.

ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥੧॥ ਰਹਾਉ ॥
My consciousness does not go out wandering. My mind has become crippled. ||1||Pause||

ਏਕ ਦਿਵਸ ਮਨ ਭਈ ਉਮੰਗ ॥
One day, a desire welled up in my mind.

ਘਸਿ ਚੰਦਨ ਚੋਆ ਬਹੁ ਸੁਗੰਧ ॥
I ground up sandalwood, along with several fragrant oils.

ਪੂਜਨ ਚਾਲੀ ਬ੍ਰਹਮ ਠਾਇ ॥
I went to God's place, and worshipped Him there.

ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥੧॥
That God showed me the Guru, within my own mind. ||1||

ਜਹਾ ਜਾਈਐ ਤਹ ਜਲ ਪਖਾਨ ॥
Wherever I go, I find water and stones.

ਤੂ ਪੂਰਿ ਰਹਿਓ ਹੈ ਸਭ ਸਮਾਨ ॥
You are totally pervading and permeating in all.

ਬੇਦ ਪੁਰਾਨ ਸਭ ਦੇਖੇ ਜੋਇ ॥
I have searched through all the Vedas and the Puraanas.

ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥੨॥
I would go there, only if the Lord were not here. ||2||

ਸਤਿਗੁਰ ਮੈ ਬਲਿਹਾਰੀ ਤੋਰ ॥
I am a sacrifice to You, O my True Guru.

ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥
You have cut through all my confusion and doubt.

ਰਾਮਾਨੰਦ ਸੁਆਮੀ ਰਮਤ ਬ੍ਰਹਮ ॥
Raamaanand's Lord and Master is the All-pervading Lord God.

ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥੩॥੧॥
The Word of the Guru's Shabad eradicates the karma of millions of past actions. ||3||1||